# ਖ਼ੁਦ.ਗਰਜ਼ ਹਵਾ

(ਗ਼ਜ਼ਲ ਸੰਗ੍ਰਹਿ)

**ਏਸੇ ਕਲਮ ਤੋਂ:**

- **ਮਰਮਰੀ ਜੰਗਲ** (ਗ਼ਜ਼ਲ ਸੰਗ੍ਰਹਿ) 2002

**ਹੋਰਨਾਂ ਨਾਲ ਸਾਂਝੀਆਂ ਪੁਸਤਕਾਂ :**

- **ਅੰਬ ਦੁਸਹਿਰੀ ਚੂਪਣ ਆਇਓ !** (ਸੰਪਾਦਕ: ਇਕਵਿੰਦਰ ਸਿੰਘ)
- **ਅੱਧੀ ਸਦੀ ਦੀ ਮਹਿਕ** (ਸੰਪਾਦਕ: ਪ੍ਰੋ. ਵਰਿੰਦਰ ਸਿੰਘ)

# ਖ਼ੁਦ.ਗਰਜ਼ ਹਵਾ

(.ਗ਼ਜ਼ਲ ਸੰਗ੍ਰਹਿ)

ਹਰਚਰਨ (ਡਾ.)

# Khudgarz Hawa

*(A Collection of Panjabi Ghazals)*

*by*

**Harcharan (Dr.)**
West Enclave Street No.-3, (Behind Tagore Nagar),
Hoshiarpur-146001
Ph: 01882-255278, Mob: 098145-61386

First Edition : 2010
Second Edition : 2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਤਰਸੇਮ ਚਾਚੀ ਜੀ ਨੂੰ
ਜਿਹੜੇ ਸਿਰਫ਼ ਆਪਣੇ ਲਈ ਹੀ ਨਹੀਂ ਜਿਊਂਦੇ
ਸਗੋਂ ਦੂਜਿਆਂ ਦੀ ਜ਼ਿੰਦਗੀ ਦੇ ਨਕਸ਼ ਸੁਆਰਨ
ਲਈ ਵੀ ਉਤਸੁਕ ਰਹਿੰਦੇ ਹਨ।

ਹਜ਼ਾਰਾਂ ਮੀਲ ਲੰਬਾ ਫ਼ਾਸਲਾ ਮੁਸ਼ਕਿਲ ਜ਼ਰਾ ਨਾ ਸੀ,
ਕਦਮ ਪਹਿਲਾ ਅਗਰ ਬੇਖ਼ੌਫ਼ ਹੋ ਕੇ ਧਰ ਲਿਆ ਹੁੰਦਾ।

ਹਰਚਰਨ (ਮਰਮਰੀ ਜੰਗਲ)

## ਖ਼ੁਦਗ਼ਰਜ਼ ਹਵਾ:
## ਹੁਸ਼ਿਆਰਪੁਰ ਗ਼ਜ਼ਲ ਘਰਾਣੇ ਵਿਚ ਜ਼ਿਕਰਯੋਗ ਵਾਧਾ

ਡਾ. ਹਰਚਰਨ ਦੇ ਗ਼ਜ਼ਲ-ਸੰਗ੍ਰਹਿ 'ਖ਼ੁਦਗ਼ਰਜ਼ ਹਵਾ' ਨਾਲ ਹੁਸ਼ਿਆਰਪੁਰ ਗ਼ਜ਼ਲ ਘਰਾਣੇ ਵਿਚ ਇਕ ਜ਼ਿਕਰਯੋਗ ਵਾਧਾ ਹੋਇਆ ਹੈ।

ਜਨਾਬ ਠਾਕੁਰ ਭਾਰਤੀ, ਨਰਿੰਦਰ ਦੀਦਾਨਾ, ਦੇਵਿੰਦਰ ਜੋਸ਼, ਦੀਦਾਰ ਗੜ੍ਹਦੀਵਾਲਾ ਅਤੇ ਹੋਰਾਂ ਵਲੋਂ ਤੋਰੇ ਗਏ ਗ਼ਜ਼ਲ ਕਾਫ਼ਲੇ ਨੂੰ ਇਕ ਨਵੇਂ ਤੇ ਪ੍ਰਪੱਕ ਗਾਡੀਵਾਨ ਦੀ ਪ੍ਰਾਪਤੀ ਹੋ ਗਈ ਹੈ। ਡਾ. ਹਰਚਰਨ ਨੂੰ ਗ਼ਜ਼ਲ ਦੇ ਜਿਸਮ ਤੇ ਰੂਹ ਦਾ ਪੂਰਾ ਪੂਰਾ ਗਿਆਨ ਹੈ। ਆਪਣੇ ਮਨ ਵਿਚ ਸੋਚੇ ਵਿਸ਼ੇ ਨੂੰ ਉਹ ਸ਼ਿਅਰਾਂ ਦੀ ਸ਼ਕਲ ਵਿਚ ਰੂਪਵਾਨ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਸਾਬਤ ਹੋਇਆ ਹੈ। ਇਸੇ ਕਾਰਨ ਉਸਦੀਆਂ ਕਈ ਗ਼ਜ਼ਲਾਂ ਅਤੇ ਸ਼ਿਅਰਾਂ ਨੂੰ ਵਾਰ-ਵਾਰ ਪੜ੍ਹਨ ਲਈ ਮਨ ਵਿਚ ਚੇਸ਼ਟਾ ਪੈਦਾ ਹੁੰਦੀ ਹੈ। ਸ਼ਾਇਦ ਇਹੋ ਕਾਰਨ ਹੈ ਕਿ 'ਖ਼ੁਦਗ਼ਰਜ਼ ਹਵਾ' ਦਾ ਦੂਜਾ ਐਡੀਸ਼ਨ ਕੁਛ ਮਹੀਨਿਆਂ ਬਾਦ ਹੀ ਪ੍ਰਕਾਸ਼ਤ ਹੋ ਰਿਹਾ ਹੈ।

ਇਕਵਿੰਦਰ ਸਿੰਘ

## ਡਾ. ਹਰਚਰਨ ਦਾ ਗ਼ਜ਼ਲ ਸੰਗ੍ਰਹਿ
## 'ਖ਼ੁਦਗ਼ਰਜ਼ ਹਵਾ'

'ਖ਼ੁਦਗ਼ਰਜ਼ ਹਵਾ' ਡਾ. ਹਰਚਰਨ ਦਾ ਦੂਜਾ ਗ਼ਜ਼ਲ-ਸੰਗ੍ਰਹਿ। ਮੈਨੂੰ ਉਸਦਾ ਪਹਿਲਾ ਗ਼ਜ਼ਲ-ਸੰਗ੍ਰਹਿ- 'ਮਰਮਰੀ ਜੰਗਲ' ਪੜ੍ਹਨ ਦਾ ਵੀ ਸੁਭਾਗ ਪ੍ਰਾਪਤ ਹੋਇਆ ਹੈ। 'ਮਰਮਰੀ ਜੰਗਲ' ਵਿਚ ਉਹ ਲਿਖਦਾ ਹੈ:

**ਹਜ਼ਾਰਾਂ ਮੀਲ ਲੰਬਾ ਫ਼ਾਸਲਾ ਮੁਸ਼ਕਿਲ ਜ਼ਰਾ ਨਾ ਸੀ,**
**ਕਦਮ ਪਹਿਲਾਂ ਅਗਰ ਬੇਖ਼ੌਫ਼ ਹੋ ਕੇ ਧਰ ਲਿਆ ਹੁੰਦਾ।**

ਉਕਤ ਸ਼ਿਅਰ ਵਿਚਲੀ ਸੱਚਾਈ ਨੂੰ ਧਿਆਨ ਵਿਚ ਰੱਖਦਿਆਂ ਹੀ ਡਾ. ਹਰਚਰਨ ਨੇ ਸਾਹਿਤ ਦੇ ਤਿਲਕਣੇ ਪਿੜ ਵਿਚ ਪੱਕੇ ਪੈਰੀਂ ਹੋ ਕੇ ਕਦਮ ਧਰਿਆ ਹੈ। 'ਖ਼ੁਦਗ਼ਰਜ਼ ਹਵਾ' ਵਿਚਲੀਆਂ ਰਚਨਾਵਾਂ ਵਿਚੋਂ ਗੁਜ਼ਰਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਸਦਾ ਹਰੇਕ ਕਦਮ ਜ਼ਿੰਦਗੀ ਦੀ ਚੜ੍ਹਤ ਵੱਲ ਜਾਂਦਾ ਹੈ। ਸਿਖਰ-ਦਰ-ਸਿਖਰ ਉੱਨਤੀ ਦੀ ਦਿਸ਼ਾ ਵਿਚ ਆਪਣਾ ਸਾਹਿਤਕ ਸਫ਼ਰ ਜਾਰੀ ਰੱਖਦਿਆਂ, ਉਹ ਕਹਿੰਦਾ ਹੈ:

**ਗ਼ਮ ਨਾ ਕਰ 'ਹਰਚਰਨ' ਕਿਤੇ ਤੇਰਾ ਵੀ ਅੰਬਰ ਹੋਊ,**
**ਬਣਦੇ ਬਣਦੇ ਹੀ ਬਣਦਾ ਹੈ ਇਕ ਦਿਨ ਖ਼ਾਸ ਮੁਕਾਮ।**

ਬਹੁਤ ਖ਼ੂਬ! ਮੇਰਾ ਮਨ ਵੀ ਇਹੋ ਕਹਿੰਦਾ ਹੈ ਕਿ ਡਾ: ਹਰਚਰਨ ਇਕ ਦਿਨ ਆਪਣਾ ਬਣਦਾ ਮੁਕਾਮ ਜ਼ਰੂਰ ਹਾਸਲ ਕਰ ਲਵੇਗਾ, ਕਿਉਂਕਿ:

**"ਤੇਰੇ ਬਚਪਨ ਕੇ ਯਿਹ ਅੰਦਾਜ਼ ਕਹੇ ਦੇਤੇ ਹੈਂ,**
**ਤੇਰੀ ਰਫ਼ਤਾਰ ਜਵਾਨੀ ਮੇਂ ਕਿਆਮਤ ਹੋਗੀ।"**

ਡਾ: ਹਰਚਰਨ ਦੇ ਸ਼ਿਅਰ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਸਨੂੰ ਪਿੰਗਲ ਅਤੇ ਅਰੂਜ਼ 'ਤੇ ਮੁਹਾਰਤ ਹਾਸਲ ਹੈ। ਦੂਜਾ, ਉਰਦੂ ਜ਼ੁਬਾਨ ਦਾ ਗਿਆਨ ਉਸ ਦੀ ਗ਼ਜ਼ਲ ਵਿਚ ਨਵਾਂ ਰੰਗ ਭਰਦਾ ਹੈ। ਡਾ. ਹਰਚਰਨ ਦੀ ਬੋਲੀ ਤੇ ਸ਼ਿਅਰ ਘੜ੍ਹਨ ਦਾ ਅੰਦਾਜ਼, ਦੀਪਕ ਜੈਤੋਈ ਦੀ ਯਾਦ ਤਾਜ਼ਾ ਕਰਾਉਂਦਾ ਹੈ। ਗੱਲ ਕੀ, 'ਖ਼ੁਦਗ਼ਰਜ਼ ਹਵਾ', ਉਸਦੇ ਇਕ ਪ੍ਰੌੜ ਕਵੀ ਹੋਣ ਦੀ ਜਾਮਨ ਹੈ। ਢੁੱਕਵੇਂ ਅਤੇ ਤਰਤੀਬ-ਜੜੇ ਸ਼ਬਦਾਂ ਨੂੰ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਹਰਚਰਨ ਨੇ:

**"ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,**
**ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।"**

**ਵਾਰਿਸ਼ਸਾਹ**

ਸੰਸਾਰ ਪ੍ਰਸਿੱਧ ਵਿਦਵਾਨ ਹੈਮਿੰਗਵੇ ਦਾ ਕਥਨ ਹੈ ਕਿ "ਹਰ ਚੰਗਾ ਸਾਹਿਤਕਾਰ, ਪ੍ਰਸਥਿਤੀਆਂ ਅਤੇ ਘਟਨਾਵਾਂ ਵਿਚੋਂ ਕੋਈ ਨਾ ਕੋਈ ਨਵੀਨਤਾ ਢੂੰਡਦਾ ਹੈ।" 'ਖ਼ੁਦਗ਼ਰਜ਼ ਹਵਾ' ਵਿਚਲੀਆਂ ਬਹੁਤੀਆਂ ਰਚਨਾਵਾਂ ਵੀ ਮੌਜੂਦਾ ਸਮੱਸਿਆਵਾਂ 'ਤੇ ਭਰਪੂਰ ਰੌਸ਼ਨੀ ਪਾਉਂਦੀਆਂ ਹਨ ਅਤੇ ਪਾਠਕਾਂ ਦਾ ਧਿਆਨ ਖਿੱਚਦੀਆਂ ਹਨ। ਡਾ. ਹਰਚਰਨ ਵਿਗਿਆਨਕ ਸੋਚ ਦਾ ਧਾਰਨੀ ਹੈ ਅਤੇ ਉਹ ਸਦਾ ਹੀ ਗ਼ੈਰ-ਇਖ਼ਲਾਕੀ ਸੋਚਾਂ ਤੇ ਕਦਰਾਂ-ਕੀਮਤਾਂ ਨੂੰ ਬਦਲ ਕੇ ਨਵਾਂ ਤੇ ਸਿਹਤਮੰਦ ਸਮਾਜ ਸਿਰਜਣ ਦਾ ਇੱਛੁਕ ਹੈ। ਸਭ ਤੋਂ ਵਧ ਕੇ, ਉਸਦੇ ਖ਼ਿਆਲਾਂ ਵਿਚ ਦਮ-ਖ਼ਮ ਹੈ। ਉਸ ਦੀ ਲਗਨ ਤੇ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਏਗੀ। ਨਿਰਸੰਦੇਹ, ਡਾ. ਹਰਚਰਨ ਦਾ "ਬਣਕੇ ਰਹੇਗਾ ਵੱਖਰਾ ਅੰਦਾਜ਼ ਹੌਲੀ-ਹੌਲੀ।" ('ਖ਼ੁਦਗ਼ਰਜ਼ ਹਵਾ')। (ਵੈਸੇ ਹਰਚਰਨ ਦਾ ਇਕ ਖ਼ਾਸ ਅੰਦਾਜ਼ ਹੋਂਦ ਵਿਚ ਆ ਚੁੱਕਾ ਹੈ।)

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਡਾ. ਹਰਚਰਨ ਇਸ ਪੁਸਤਕ ਦੁਆਰਾ ਪੰਜਾਬੀ ਸਾਹਿਤ ਜਗਤ ਵਿਚ ਇਕ ਖ਼ਾਸ ਮੁਕਾਮ 'ਤੇ ਪਹੁੰਚ ਚੁੱਕਾ ਹੈ- ਉਸ ਨੇ ਆਪਣੇ ਹਿੱਸੇ ਦਾ ਅੰਬਰ ਹਾਸਲ ਕਰ ਲਿਆ ਹੈ।...ਪਰ ਇਹ ਉਸਦੀ ਮੰਜ਼ਿਲ ਨਹੀਂ ਹੈ। ਇਸ ਸਬੰਧ ਵਿਚ, 'ਇਕ ਸ਼ਿਅਰ ਸੁਨਾਤਾ ਹੂੰ ਮੈਂ, ਜੋ ਤੁਝ (ਡਾ. ਹਰਚਰਨ) ਸੇ ਮੁਖ਼ਾਤਿਬ ਹੈ:

**"ਤੂ ਸ਼ਾਹੀ (ਬਾਜ਼) ਹੈ, ਪ੍ਰਵਾਜ਼ ਹੈ ਕਾਮ ਤੇਰਾ,**
**ਤੇਰੇ ਸਾਹਮਨੇ ਆਸਮਾਂ ਔਰ ਭੀ ਹੈਂ।"**

**(ਇਕ਼ਬਾਲ)**

ਗਿਆਨ ਦਾ ਛਿੱਟਾ ਦਿੰਦੀ ਅਤੇ ਦਿਮਾਗ਼ ਦੇ ਬੂਹਿਆਂ ਨੂੰ ਲੱਗੇ ਜੰਗਾਲੇ ਜੰਦਰਿਆਂ ਨੂੰ ਖੋਲ੍ਹਦੀ ਤੇ 'ਹਨ੍ਹੇਰੀਆਂ ਕੋਠੜੀਆਂ' ਨੂੰ ਰੌਸ਼ਨਾਉਂਦੀ, ਇਸ ਪੁਸਤਕ ਦਾ ਸਵਾਗਤ ਹੈ।

ਡਾ. ਹਰਚਰਨ ਦੀ ਸਾਹਿਤ ਪ੍ਰਤੀ ਸਮਰਪਿਤ ਦੀ ਭਾਵਨਾ ਨੂੰ ਮੈਂ ਸਲਾਮ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਆਪਣਾ ਸਾਹਿਤਕ ਸਫ਼ਰ ਇਸੇ ਗਰਮਜੋਸ਼ੀ ਨਾਲ ਜਾਰੀ ਰੱਖਣਗੇ। ਅੰਤ ਵਿਚ, ਮੈਂ ਹਰਚਰਨ ਦੀ ਚੰਗੀ ਸਿਹਤ ਤੇ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ, ਤਾਂ ਜੋ ਉਹ ਸਮਾਜ ਦੀ ਸੋਚ ਦੀ ਬੰਜਰ ਧਰਤੀ ਨੂੰ ਆਪਣੀ ਕਲਮ ਦੇ ਹਲ਼ ਨਾਲ ਵਾਹ ਕੇ ਹਰਿਆਵਲੀ ਕਰਨ ਦਾ ਉਪਰਾਲਾ ਕਰਦੇ ਰਹਿਣ।

ਡਾ. ਹਰਚੰਦ ਸਿੰਘ ਸਰਹਿੰਦੀ
(ਸ਼੍ਰੋਮਣੀ ਸਾਹਿਤਕਾਰ ਐਵਾਰਡੀ)
ਮਕਾਨ ਨੰ: 2858, ਵਾਰਡ ਨੰ: 9,
ਸਰਹਿੰਦ-140406
ਫ਼ੋਨ: 92178-45812

## 'ਖ਼ੁਦ.ਗਰਜ਼ ਹਵਾ' ਦੇ ਦੂਜੇ ਐਡੀਸ਼ਨ ਬਾਰੇ ਕੁਛ ਸ਼ਬਦ ਮੇਰੇ ਵਲੋਂ

'ਖ਼ੁਦ.ਗਰਜ਼ ਹਵਾ' .ਗਜ਼ਲ ਸੰਗ੍ਰਹਿ ਦੇ ਪ੍ਰਕਾਸ਼ਨ ਦੀ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਇਸ ਦਾ ਦੂਸਰਾ ਐਡੀਸ਼ਨ ਦੋ ਤਿੰਨ ਮਹੀਨਿਆਂ ਦੇ ਵਕਫ਼ੇ ਮਗਰੋਂ ਹੀ ਪਾਠਕਾਂ, ਆਲੋਚਕਾਂ, ਸੰਸਥਾਵਾਂ ਦੇ ਰੂ-ਬ-ਰੂ ਹੋ ਰਿਹਾ ਹੈ। ਇਸ ਅਪਾਰ ਸਫ਼ਲਤਾ ਦੇ ਪਿੱਛੇ ਜਿੱਥੇ ਮੇਰੀ ਅਣਥੱਕ ਲਗਨ ਅਤੇ ਮਿਹਨਤ ਦੀ ਅਹਿਮ ਭੂਮਿਕਾ ਹੈ, ਉਥੇ ਮੇਰੇ ਸ਼ੁੱਭ-ਚਿੰਤਕਾਂ, ਸਾਥੀਆਂ, ਪਾਠਕਾਂ, ਆਲੋਚਕਾਂ, ਵਿਦਵਾਨਾਂ ਅਤੇ ਮੇਰੇ ਪ੍ਰੇਰਨਾ ਸਰੋਤਾਂ ਦਾ ਅਹਿਮ ਯੋਗਦਾਨ ਹੈ।

ਸਭ ਤੋਂ ਪਹਿਲਾਂ ਤਾਂ ਮੈਂ ਆਪਣੇ ਕਾਲਿਜ ਦੇ ਪ੍ਰਿਸੀਪਲ, ਸੈਨੇਟਰ ਡਾ: ਗੁਰਦੀਪ ਸ਼ਰਮਾ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਦੀ ਅਸੀਮ ਪ੍ਰੇਰਨਾ ਅਤੇ ਅਮੁੱਕ ਉਤਸ਼ਾਹ ਸਦਕਾ ਮੈਂ .ਗਜ਼ਲਗੋਈ ਵੱਲ ਧਿਆਨ ਦੇ ਸਕਿਆ ਹਾਂ। ਉਨ੍ਹਾਂ ਵਲੋਂ ਮੈਨੂੰ ਹਮੇਸ਼ਾਂ ਉਤਸ਼ਾਹ ਵਰਧਕ ਮਹੌਲ ਅਤੇ ਹੱਲਾਸ਼ੇਰੀ ਪ੍ਰਾਪਤ ਹੋਈ ਹੈ। ਉਹ ਸਮੇਂ ਸਮੇਂ ਮੈਨੂੰ ਲਿਖਣ ਲਈ ਉਕਸਾਉਂਦੇ ਰਹਿੰਦੇ ਹਨ।

ਆਪਣੇ ਸਾਥੀਆਂ ਡਾ. ਜਸਪਾਲ ਸਿੰਘ, ਪ੍ਰੋ: ਜਸਪਾਲ ਸਿੰਘ ਅੰਗਰੇਜ਼ੀ, ਪ੍ਰੋ: ਰਾਜੀਵ ਕੁਮਾਰ, ਡਾ. ਨੀਰਜ ਸੰਗਰ, ਪ੍ਰੋ: ਕੰਵਲਵਿੰਦਰ ਕੌਰ, ਪ੍ਰੋ: ਅਵਿਨਾਸ਼ ਕੌਰ, ਪ੍ਰੋ: ਜੇ.ਬੀ. ਸੇਖੋਂ, ਡਾ. ਸੁਰਿੰਦਰ ਮੰਡ, ਪ੍ਰੋ: ਸੁਰੇਸ਼ ਕੁਮਾਰ ਹਿਸਟਰੀ, ਪ੍ਰੋ ਸੁਰਜੀਤ ਧਾਰੀਵਾਲ ਧਰਮਕੋਟ, ਪ੍ਰੋ: ਸੁਸ਼ੀਲ ਕੌਰ ਅੰਗਰੇਜ਼ੀ, ਪ੍ਰੋ: ਪਰਵਿੰਦਰ ਬਾਜਵਾ, ਪ੍ਰੋ: ਇੰਦਰਜੀਤ ਸਿੰਘ ਅਤੇ ਆਪਣੇ ਮਿੱਤਰ ਰਾਕੇਸ਼ ਜਗਿਆਲ ਦਾ ਦਿਲੋਂ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਪੜ੍ਹ ਕੇ ਜਿੱਥੇ ਵਡ-ਮੁੱਲੇ ਸੁਝਾਅ ਦਿੱਤੇ ਉੱਥੇ ਨਿਰਪੱਖ ਵਿਚਾਰ ਵੀ ਪੇਸ਼ ਕੀਤੇ।

ਮੈਂ ਕੁਤਾਹੀ ਕਰ ਰਿਹਾ ਹੋਵਾਂਗਾ ਜੇ ਸਾਹਿਤ ਦੇ ਅਮਿੱਟ ਹਸਤਾਖਰਾਂ ਡਾ: ਸੁਤਿੰਦਰ ਸਿੰਘ ਨੂਰ, ਡਾ. ਸੁਰਜੀਤ ਪਾਤਰ, ਡਾ. ਸੁਖਦੇਵ ਸਿਰਸਾ, ਡਾ. ਸਰਬਜੀਤ ਸਿੰਘ ਚੰਡੀਗੜ੍ਹ, ਡਾ. ਸੁਖਵਿੰਦਰ ਸਿੰਘ ਰੰਧਾਵਾ, ਡਾ. ਹਰਚੰਦ ਸਿੰਘ ਸਰਹਿੰਦੀ, ਪ੍ਰੋ: ਜਸਵੰਤ ਸਿੰਘ ਵਿਰਦੀ, ਡਾ. ਗੁਰਭਜਨ ਗਿਲ (ਪ੍ਰਧਾਨ, ਸਾਹਿਤ ਅਕਾਦਮੀ ਲੁਧਿਆਣਾ), ਡਾ. ਐੱਸ. ਤਰਸੇਮ, ਡਾ. ਦੀਪਕ ਮਨਮੋਹਨ ਸਿੰਘ, ਡਾ. ਹਰਦਿਲਜੀਤ ਸਿੰਘ ਗੋਸਲ (ਪ੍ਰਿੰਸੀਪਲ ਨਾਰੰਗਵਾਲ), ਡਾ. ਆਤਮਜੀਤ (ਨਾਟਕਕਾਰ), ਡਾ. ਬਚਿੱਤਰ ਸਿੰਘ ਸੋਮਲ, ਡਾ. ਪ੍ਰਿਤਪਾਲ ਸਿੰਘ ਮਹਿਰਕੋ (ਪ੍ਰਿੰਸੀਪਲ), ਮਦਨ ਵੀਰਾ (ਸ਼ਾਇਰ), ਸੰਧੂ ਵਰਿਆਣਵੀ, ਡਾ. ਧਰਮਚੰਦ ਵਾਤਿਸ਼, ਡਾ. ਸਤੀਸ਼ ਵਰਮਾ (ਪੰ: ਯੂ: ਪਟਿਆਲਾ), ਡਾ. ਐੱਸ. ਐੱਸ. ਰੰਧਾਵਾ (ਪ੍ਰਿੰਸੀਪਲ ਮਾਹਿਲਪੁਰ), ਸ੍ਰੀ ਧਰਮਪਾਲ ਸਾਹਿਲ ਦਾ ਧੰਨਵਾਦ ਨਾ ਕਰਾਂ ਜਿਹੜੇ ਹਮੇਸ਼ਾਂ ਮੇਰੇ ਲਈ ਪ੍ਰੇਰਨਾ ਸਰੋਤ ਰਹੇ ਹਨ ਤੇ ਜਿਨ੍ਹਾਂ ਦੇ ਵਿਚਾਰ ਪੈਰ-ਪੈਰ ਤੇ ਮੇਰੀ ਅਗਵਾਈ ਕਰਦੇ ਰਹਿੰਦੇ ਹਨ।

ਇਸ ਪੁਸਤਕ ਦੀ ਹੋਂਦ ਨੂੰ ਯਕੀਨੀ ਬਣਾਉਣ ਵਿੱਚ ਮੇਰੇ ਚਾਚੀ ਜੀ ਤਰਸ਼ੇਮ ਕੌਰ ਵੈਦ, ਮੇਰੀ ਜੀਵਨ ਸਾਥਣ ਸੁਰਿੰਦਰ ਕੌਰ, ਬੱਚਿਆਂ ਹਰਿੰਦਰ, ਨਵਕਿਰਨ ਦਾ ਵਿਸ਼ੇਸ਼ ਯੋਗਦਾਨ ਹਮੇਸ਼ਾਂ ਹੀ ਰਿਹਾ ਹੈ।

ਮੈਂ ਦਿੱਲੋਂ ਸ਼ੁਕਰਗੁਜ਼ਾਰ ਹਾਂ 'ਲੋਕਗੀਤ ਪ੍ਰਕਾਸ਼ਨ' ਦਾ, ਜਿਸ ਨੇ ਮੇਰੀ ਪੁਸਤਕ ਦੇ ਨਵੇਂ-ਨਕਸ਼ ਨਿਖਾਰਨ ਵਿੱਚ ਵਿਲੱਖਣ ਭੂਮਿਕਾ ਅਦਾ ਕੀਤੀ। ਇਸਦੇ ਨਾਲ ਨਾਲ ਸਾਹਿਤਕਾਰ ਹਰਮੀਤ ਅਟਵਾਲ ਦਾ ਜਿਨ੍ਹਾਂ ਦੀਆਂ ਅਣਥੱਕ ਸੇਵਾਵਾਂ ਹਮੇਸ਼ਾਂ ਮੈਨੂੰ ਪ੍ਰਾਪਤ ਰਹੀਆਂ।

ਤੁਹਾਡਾ ਆਪਣਾ,

**ਹਰਚਰਨ** (ਡਾ.)
ਮੁਖੀ,
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਜੀ.ਜੀ.ਡੀ.ਐਸ.ਡੀ. ਕਾਲਜ, ਹਰਿਆਣਾ,
(ਹੁਸ਼ਿਆਰਪੁਰ)।

# 'ਖ਼ੁਦ.ਗਰਜ਼ ਹਵਾ' ਦੇ ਅੰਗ-ਸੰਗ

.ਗਜ਼ਲ ਕਾਵਿ–ਰੂਪ ਮੱਕੇ ਮਦੀਨੇ ਤੋਂ ਜਨਮ ਲੈ ਕੇ ਅਰਬੀ ਫ਼ਾਰਸੀ, (ਉਰਦੂ) ਰਾਹੀਂ ਗੁਜ਼ਰਦੀ ਹੋਈ ਭਾਰਤ ਦੇ ਹਮਲਾਵਰਾਂ ਨਾਲ ਪੰਜਾਬੀ ਵਿੱਚ ਪੁੱਜੀ ਇਕ ਸਿਨਫ਼ ਹੈ ਜੋ ਪਰਵਾਸੀ ਹੋਣ ਦੇ ਬਾਵਜੂਦ ਪੰਜਾਬੀ ਵਿਚ ਪੱਕੀ ਨਾਗਰਿਕਤਾ ਲੈ ਚੁੱਕੀ ਹੈ। ਅੱਜ ਪੰਜਾਬੀ ਵਿਚ .ਗਜ਼ਲ ਸਿਰਜਨਾ ਕਰਨਾ ਇਕ ਮਾਣ ਵਾਲੀ ਗੱਲ ਸਮਝੀ ਜਾਂਦੀ ਹੈ। ਵੀਹਵੀਂ ਸਦੀ ਦੇ ਅੰਤਿਮ ਵੀਹ–ਪੱਚੀ ਵਰ੍ਹਿਆਂ ਵਿੱਚ ਪੰਜਾਬੀ .ਗਜ਼ਲ ਇਕ ਹਰਮਨ–ਪਿਆਰੀ ਵਿਧਾ ਦੇ ਰੂਪ ਵਿਚ ਸਥਾਨ ਗ੍ਰਹਿਣ ਕਰ ਚੁੱਕੀ ਹੈ। ਅਜੋਕਾ ਸਮਾਂ ਪੰਜਾਬੀ .ਗਜ਼ਲ ਦੇ ਹਰੇ ਇਨਕਲਾਬ ਦਾ ਹੈ।

ਡਾ. ਹਰਚਰਨ ਨੇ ਇੱਕੀਵੀਂ ਸਦੀ ਦੇ ਆਰੰਭ ਵਿਚ "**ਮਰਮਰੀ ਜੰਗਲ**" .ਗਜ਼ਲ ਸੰਗ੍ਰਹਿ ਨਾਲ ਇਸ ਕਾਵਿ–ਰੂਪਾਕਾਰ ਵਿੱਚ ਪ੍ਰਵੇਸ਼ ਕੀਤਾ। ਉਸਦੇ ਇਸ ਪਹਿਲੇ ਹੀ ਸੰਗ੍ਰਹਿ ਨੂੰ ਆਲੋਚਕਾਂ ਅਤੇ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। "**ਮਰਮਰੀ ਜੰਗਲ**" ਤੋਂ ਬਾਅਦ ਉਹ ਇਸ ਸਿਨਫ਼ ਵਿੱਚ ਆਪਣਾ ਵਿਸ਼ੇਸ਼ ਸਥਾਨ ਪ੍ਰਾਪਤ ਕਰਨ ਲਈ ਪੂਰੀ ਮਿਹਨਤ ਨਾਲ, ਪਰ ਸੁਚੇਤ ਹੋ ਕੇ, ਰਚਨਾ ਕਰਨ ਲੱਗਾ। ਇਸੇ ਲਈ ਉਹ ਲਿਖਦਾ ਹੈ:

***.ਗਮ ਨਾ ਕਰ 'ਹਰਚਰਨ' ਕਿਤੇ ਤੇਰਾ ਵੀ ਅੰਬਰ ਹੋਊ,***
***ਬਣਦੇ ਬਣਦੇ ਹੀ ਬਣਦਾ ਹੈ ਇਕ ਦਿਨ .ਖ਼ਾਸ ਮੁਕਾਮ।***

ਹਰਚਰਨ ਨੂੰ ਇਸ ਕਠੋਰ ਹਕੀਕਤ ਦਾ ਭਲੀ–ਭਾਂਤ ਗਿਆਨ ਹੈ ਕਿ ਇਸ ਬਹੁ–ਰੰਗੀ ਦੁਨੀਆ ਵਿੱਚ ਪ੍ਰਸ਼ੰਸਕਾਂ ਅਤੇ ਨਿੰਦਕਾਂ ਦੀ ਰੇਲਵੇ ਪਟੜੀ ਦੀਆਂ ਦੋਵੇਂ ਲੀਹਾਂ ਨਾਲ਼ੋ–ਨਾਲ਼ ਚਲਦੀਆਂ ਹਨ। ਇਸੇ ਲਈ ਉਹ ਪਾਠਕਾਂ ਨੂੰ ਸੰਬੋਧਤ ਹੁੰਦਿਆਂ ਲਿਖਦਾ ਹੈ ਕਿ ਉਹ ਪੁਸਤਕ ਹੱਥ ਵਿੱਚ ਲੈ ਕੇ ਪੜ੍ਹਨ ਦੀ ਖ਼ੇਚਲ ਤਾਂ ਕਰਨ:

***ਵਰਕੇ ਤਾਂ ਕੁਝ ਫਰੋਲੋ, ਪਰਤਾਂ ਹੀ ਕੁਝ ਉਠਾਓ,***
***ਕਿਉਂ ਉਡ ਗਈ ਹੈ ਰੰਗਤ, ਤੱਕ ਕੇ ਕਿਤਾਬ ਏਦਾਂ।***

ਹਰ ਕਲਮਕਾਰ ਨੂੰ ਆਪਣੀ ਰਚਨਾ ਤੇ ਮਾਣ ਹੁੰਦਾ ਹੈ। ਇਹ ਮਾਣ ਕੋਈ ਝੂਠਾ–ਮਾਣ ਨਹੀਂ ਹੁੰਦਾ ਸਗੋਂ ਮਾਣ ਸੁੱਚੇ ਇਸ਼ਕ, ਮਿਹਨਤ ਅਤੇ ਲਗਨ ਦਾ ਹੁੰਦਾ ਜਿਸ ਨਾਲ ਕੋਈ ਰਚਨਾ ਆਪਣਾ ਸੁਨੱਖਾ ਰੂਪ ਗ੍ਰਹਿਣ ਕਰਨ ਵਿੱਚ ਅੰਦਾਜ਼ ਨਿਖ਼ਰਦਾ ਹੈ ਅਤੇ ਰੂਪਾਕਾਰ ਦੇ ਭੇਦ ਸਹਿਜੇ ਸਹਿਜੇ ਸਮਝ ਵਿੱਚ ਪੈਣੇ ਸ਼ੁਰੂ ਹੋ ਜਾਂਦੇ ਹਨ:

***ਘੜਦੀ ਹੈ ਕਲਮ ਨਿਸਦਿਨ ਨਖ਼ਸ਼ਿਖ਼ .ਗਜ਼ਲ ਦੇ ਜਿਉਂਕਰ,***
***ਬਣਕੇ ਰਹੇਗਾ ਵੱਖਰਾ ਅੰਦਾਜ਼ ਹੌਲੀ ਹੌਲੀ।***

*ਮਤਲਾ, ਬਹਿਰ, ਵਜ਼ਨ ਕੀ; ਮਕਤਾ, ਰਦੀਫ਼, ਮਿਸਰਾ,*
*ਖੁੱਲ੍ਹਦਾ ਹੀ ਜਾ ਰਿਹਾ ਹੈ, ਹਰ ਰਾਜ਼ ਹੌਲੀ ਹੌਲੀ।*

ਸਵੈ-ਸਿੱਧ ਹੈ ਕਿ ਹਰਚਰਨ ਦੀ ਗ਼ਜ਼ਲ ਦਿਨ-ਪ੍ਰਤੀ-ਦਿਨ ਆਪਣੀ ਮੰਜ਼ਲ ਵੱਲ ਅਗਰਸਰ ਹੈ। ਇਸ ਮਾਰਗ ਤੇ ਚੱਲੇ ਸ਼ਾਇਰ ਨੂੰ ਰਸਤੇ ਦੇ ਗਤੀ-ਤੋੜਾਂ ਦੀ ਅਗਾਊਂ ਜਾਣਕਾਰੀ ਹੈ।

ਕਿਸੇ ਵੀ ਸਾਹਿਤਕ ਰਚਨਾ ਦਾ ਮੁੱਲ ਉਸ ਵਿੱਚ ਪ੍ਰਸਤੁਤ ਵਿਚਾਰਾਂ ਤੋਂ ਅਨੁਮਾਨਿਆ ਜਾ ਸਕਦਾ ਹੈ। ਕਈ ਕਵੀ ਆਪਣੀ ਚਰਚਾ ਦੇ ਜੁਗਾੜ ਤਾਂ ਕਰ ਲੈਂਦੇ ਹਨ। ਰੂ-ਬ-ਰੂ ਕਰਵਾਉਣ ਵਿਚ ਸਫ਼ਲ ਹੁੰਦੇ ਹਨ ਤੇ ਕਈ ਵਾਰੀ ਇਨਾਮ ਨੂੰ ਵੀ ਹੱਥ ਮਾਰ ਜਾਂਦੇ ਹਨ। ਸਮਕਾਲੀ ਹਰਮਨ ਪਿਆਰਤਾ ਅਤੇ ਸਾਹਿਤ ਦੀ ਸਦੀਵਤਾ ਦੋ ਵੱਖ-ਵੱਖ ਸ਼ੈਆਂ ਹਨ। ਚੰਗੇਰੇ ਸਾਹਿਤ ਦਾ ਮੁੱਲ ਸਮੇਂ ਨਾਲ ਆਪਣੇ ਆਪ ਹੀ ਪੈ ਜਾਂਦਾ ਹੈ। ਦਮ-ਖ਼ਮ ਵਾਲੀ ਰਚਨਾ ਨੂੰ ਬਹੁਤੀ ਪਬਲੀਸਿਟੀ ਦੀ ਲੋੜ ਨਹੀਂ ਹੁੰਦੀ:

***ਦਮ-ਖ਼ਮ ਹੀ ਜੇ ਨਹੀਂ ਕੁਛ ਤੇਰੇ ਖ਼ਿਆਲ ਅੰਦਰ,***
***ਕੀ ਖੋਹਣਗੇ ਭਲਾ ਦੱਸ, ਇਸ ਪੁਖ਼ਤਗੀ ਦੇ ਚਰਚੇ।***

ਡਾ. ਹਰਚਰਨ ਦੀ ਹਥਲੀ ਪੁਸਤਕ 'ਖ਼ੁਦਗ਼ਰਜ਼ ਹਵਾ' ਵਿਚਾਰਾਂ ਨਾਲ ਗਰਭਿਤ ਹੈ। ਉਸਦੀਆਂ ਗ਼ਜ਼ਲਾਂ ਪ੍ਰਮੁੱਖ ਤੌਰ 'ਤੇ ਮਾਨਵਤਾ ਨੂੰ ਪਿਆਰ-ਮੁਹੱਬਤ ਦਾ ਪੈਗ਼ਾਮ ਦਿੰਦੀਆਂ ਹਨ। ਨਿਰਾਸ਼ਾ ਦੀਆਂ ਵਗਦੀਆਂ ਹਨੇਰੀਆਂ ਵਿੱਚ ਕਵੀ ਆਸ਼ਾਵਾਦੀ ਕਿਰਨਾਂ ਵੰਡਦਾ ਹੈ। ਰੱਬ/ਖ਼ੁਦਾ ਵਿੱਚ ਉਸ ਦਾ ਅਟੱਲ ਵਿਸ਼ਵਾਸ ਹੈ। ਉਸਦੀ ਦੁਆ ਹੈ ਕਿ ਸਰਵ-ਸ਼ਕਤੀਮਾਨ ਮਨੁੱਖਤਾ ਨੂੰ ਤਬਾਹਕੁਨ ਸ਼ਕਤੀਆਂ ਤੋਂ ਹਮੇਸ਼ਾਂ ਸੁਰੱਖਿਅਤ ਰੱਖੇ।

ਕਵੀ ਸਮੇਂ ਦੀ ਰਾਜਨੀਤੀ ਪ੍ਰਤੀ ਅਸੰਤੁਸ਼ਟਤਾ ਵਿਅਕਤ ਕਰਦਾ ਹੈ। ਪਥ-ਪਰਦਰਸ਼ਕ ਅਤੇ ਨੇਤਾ ਉਸ ਨੂੰ ਸਵਾਰਥੀ, ਭਾਈ-ਭਤੀਜਾਵਾਦੀ, ਪੱਖ-ਪਾਤੀ, ਘੁਟਾਲਿਆਂ ਦੇ ਮਾਹਰ, ਵਾਤਾਨੂਕੂਲ ਕਮਰਿਆਂ ਵਿੱਚ ਬੈਠ ਕੇ ਗ਼ਰੀਬੀ ਦੀਆਂ ਗੱਲਾਂ ਕਰਨ ਵਾਲੇ ਵਿਖਾਈ ਦਿੰਦੇ ਹਨ ਅਤੇ ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਵਿਖਾਈ ਦਿੰਦਾ ਹੈ।

ਖ਼ੁਦਾ ਦੀ ਸਭ ਤੋਂ ਮਹਾਨ ਸਿਰਜਨਾ ਬੰਦਾ ਹੈ ਪਰ ਕਵੀ ਨੂੰ ਦੁੱਖ ਹੈ ਕਿ ਬੰਦਿਆਂ 'ਚੋਂ ਬੰਦਿਆਂ ਦੇ ਦਰਸ਼ਨ ਨਹੀਂ ਹੁੰਦੇ। ਹਾਲਾਂ ਕਿ ਮਨੁੱਖ ਨੂੰ ਪਤਾ ਹੈ ਕਿ ਉਸ ਦਾ ਜੀਵਨ ਇਸ ਸੰਸਾਰ ਤੇ ਸਥਾਈ ਨਹੀਂ ਹੈ ਫਿਰ ਵੀ ਉਸ ਨੂੰ ਆਪਣੇ ਅਹੁਦੇ, ਜ਼ਾਤੀ ਅਤੇ ਮਾਇਆ ਦਾ ਹੰਕਾਰ ਰਹਿੰਦਾ ਹੈ। ਕਵੀ ਅਨੇਕਾਂ ਪ੍ਰਕਾਰ ਦੇ ਬੰਦਿਆਂ ਦੀ ਪ੍ਰਸਤੁਤੀ ਕਰਦਾ ਹੈ ਜਿਨ੍ਹਾਂ ਵਿੱਚ ਅਕ੍ਰਿਤਘਣ, ਕ੍ਰਿਤਾਰਥੀ, ਪਾਖੰਡੀ, ਸੁਲਝੇ ਹੋਏ ਠੱਗ, ਦੁਵੱਲੀ ਦਾਤੀ ਵਾਲੇ, ਨਿੰਦਕ, ਚਾਪਲੂਸ ਆਦਿ ਸ਼ਾਮਲ ਹਨ। ਉੱਤੋਂ ਮਿੱਠੇ ਪਰ ਦਿਲ ਦੇ ਕਾਲੇ ਬੰਦਿਆਂ ਵਿੱਚੋਂ ਜੋ ਨਾਗ ਵਾਂਗ ਜ਼ਹਿਰ ਘੋਲਦੇ ਰਹਿੰਦੇ ਹਨ ਅਨੁਮਾਨ ਲਾਉਣਾ ਹੀ ਕਠਿਨ ਹੈ ਕਿ ਕਿਹੜਾ ਵੱਧ ਜ਼ਹਿਰੀਲਾ ਹੈ:

*ਨਾਗਾਂ ਦੇ ਵਾਂਗ ਨਿਸਦਿਨ ਵਿਸ ਘੋਲਦਾ ਹੈ ਬੰਦਾ,*
*ਕਿੰਝ ਫ਼ੈਸਲਾ ਕਰੋਗੇ, ਕਿਸ ਵਿੱਚ ਹੈ ਜ਼ਹਿਰ ਜ਼ਿਆਦਾ।*

ਪਤਾ ਨਹੀਂ ਲਗਦਾ ਰੱਬ ਬੰਦੇ ਨੂੰ ਕਿਸ ਭੂਗੋਲਿਕ ਖਿੱਤੇ, ਕਿਸ ਜ਼ਾਤ, ਗੋਤ, ਸ਼ਹਿਰ ਜਾਂ ਪਿੰਡ, ਗ਼ਰੀਬ ਜਾਂ ਅਮੀਰ ਘਰ ਸੁੱਟ ਦਿੰਦਾ ਹੈ। ਇਹੋ ਬੰਦੇ ਦੀ ਫੈਕਟੀਸਿਟੀ ਹੈ। ਬਾਜ਼ੀ ਉਸ ਨੇ ਉਨ੍ਹਾਂ ਪੱਤਿਆਂ ਨਾਲ ਹੀ ਖੇਡਣੀ ਹੈ ਜੋ ਉਸ ਨੂੰ ਮਿਲ ਗਏ। ਆਪਣੇ ਹੀ ਚੁਗਿਰਦੇ ਦੀ **'ਖ਼ੁਦਗ਼ਰਜ਼ ਹਵਾ'** ਵਿਚੋਂ ਉਸਨੇ ਆਪਣੇ ਭਵਿੱਖ ਦਾ ਨਿਰਮਾਣ ਕਰਨਾ ਹੈ। ਔਕੜਾਂ, ਮੁਸੀਬਤਾਂ ਅਤੇ ਦੁੱਖਾਂ ਨਾਲ ਉਸ ਨੂੰ ਟੱਕਰ ਲੈਣੀ ਪੈਣੀ ਹੈ। ਜੀਵਨ ਵਿੱਚ ਆਉਣ ਵਾਲੇ ਦੁੱਖ ਸਰਵ-ਵਿਆਪਕ ਹਨ। ਇਥੇ ਕਵੀ ਪ੍ਰਤੱਖ ਤੌਰ ਤੇ ਦੁੱਖ ਸਬੰਧੀ ਬਾਬਾ ਫ਼ਰੀਦ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੈ। ਇਸੇ ਲਈ ਤਾਂ ਉਹ ਕਹਿੰਦਾ ਹੈ:

*ਤੂੰ ਹੀ ਨਹੀਂ ਹੈ ਜਿਸ ਦਾ ਅੱਜ ਰੋਮ ਰੋਮ ਛਲਣੀ,*
*ਵਿੰਨ੍ਹਿਆਂ ਹੈ ਹਰਿਕ ਬੰਦਾ, ਦੁੱਖਾਂ ਨੇ ਦੇਖ ਘਰ ਘਰ।*

ਹਰਚਰਨ ਦਾ ਵਿਚਾਰ ਹੈ ਕਿ ਬੰਦੇ ਨੂੰ ਆਪਣੀ ਜ਼ੁਬਾਨ ਕਾਬੂ ਵਿੱਚ ਰੱਖਣੀ ਚਾਹੀਦੀ ਹੈ। ਮੰਦੇ ਬੋਲ ਬੋਲਕੇ ਕਿਸੇ ਲਈ ਕੰਡੇ ਬੀਜਣ ਵਾਲਿਆਂ ਨੂੰ ਅਕਸਰ ਕੰਡੇ ਚੁਗਣੇ ਪੈਂਦੇ ਹਨ। ਅਸਲ ਵਿੱਚ ਇਹ ਗ਼ਜ਼ਲ-ਸੰਗ੍ਰਹਿ **ਜੀਵਨ-ਜਾਚ ਦਾ ਦਸਤਾਵੇਜ਼** ਹੋ ਨਿਬੜਿਆ ਹੈ। ਇਹ ਜੀਵਨ-ਜਾਚ ਕਵੀ ਦੇ ਅਨੁਭਵ ਦੀ ਦੇਣ ਹੈ। ਦੂਜਿਆਂ ਦੀਆਂ ਗ਼ਲਤੀਆਂ ਦਾ ਪਾਜ ਉਘਾੜਣ ਦੇ ਨਾਲ ਨਾਲ ਉਹ ਕਾਵਿ-ਮੈਂ ਦੀਆਂ ਭੁੱਲਾਂ ਨੂੰ ਵੀ ਉਜਾਗਰ ਕਰਨ ਵਿੱਚ ਸਿੱਧ-ਹਸਤ ਹੈ। ਦਰਅਸਲ ਕਵੀ ਬੰਦੇ ਨੂੰ ਸਹੀ ਮਾਅਨਿਆਂ ਵਿੱਚ ਆਦਰਸ਼ ਬੰਦਾ ਬਣਾਉਣਾ ਲੋਚਦਾ ਹੈ ਤਾਂ ਕਿ ਇਹ ਸੰਸਾਰ ਇਕ ਖ਼ੂਬਸੂਰਤ ਜਿਉਣ-ਜੋਗਾ ਸਥਾਨ ਬਣ ਸਕੇ, ਜਿਥੋਂ ਬੇਚੈਨੀ, ਬੇਰੁਖ਼ੀ, ਬੇਗਾਨਗੀ, ਧੋਖੇ, ਫਰੇਬ, ਠੱਗੀ ਆਪੋ-ਧਾਪੀ, ਧਾਰਮਿਕ ਕੱਟੜਤਾ, ਫਿਰਕੂ ਦੰਗੇ, ਬੇਰੁਜ਼ਗਾਰੀ, ਭਰੂਣ ਹੱਤਿਆ, ਖ਼ੁਦਕੁਸ਼ੀਆਂ ਆਦਿ ਹਮੇਸ਼ਾ ਹਮੇਸ਼ਾ ਲਈ ਸਮਾਪਤ ਹੋ ਜਾਣ। ਬੰਦੇ ਦੀ ਹੋਂਦ ਖਪਤ ਸਭਿਆਚਾਰ ਵਿੱਚ ਸਮਾਪਤ ਨਾ ਹੋਵੇ। ਵਿਦਿਆ ਨਾਲ ਬੰਦੇ ਦਾ ਤੀਜਾ ਨੇਤਰ ਖੁੱਲ੍ਹੇ ਅਤੇ ਉਸਦੇ ਅੰਦਰਲਾ ਹਨੇਰਾ ਦੂਰ ਹੋਵੇ। ਸਮਾਜੀ ਕਦਰਾਂ-ਕੀਮਤਾਂ ਬਹਾਲ ਹੋਣ। ਰਿਸ਼ਤੇ-ਨਾਤੇ, ਦੋਸਤੀਆਂ ਪੈਸੇ ਦੀਆਂ ਮੁਹਤਾਜ ਨਾ ਹੋਣ। ਜ਼ਿੰਦਗੀ ਦਾ ਕੋਈ ਮਕਸਦ ਹੋਵੇ। ਹਰ ਕਿਸਮ ਦਾ ਪਰਦੂਸ਼ਨ ਸਮਾਪਤ ਹੋਵੇ। ਨਵਾਂ ਪੋਚ ਅਤੇ ਵਿਹਲੜ ਜਵਾਨੀ ਆਪਣੀ ਜ਼ਿੰਮੇਵਾਰੀ ਨੂੰ ਸਮਝੇ। ਮੂਲ-ਮਾਨਵਤਾ ਦੀ ਕਦਰ ਹੋਵੇ। ਅਸ਼ਲੀਲ ਸਾਹਿਤ ਅਤੇ ਗੀਤ ਵਿਵਰਜਤ ਹੋਣ। ਇਸਤਰੀ ਦੀ ਸਮਾਜ ਵਿੱਚ ਕਦਰ ਹੋਵੇ। ਕਵੀ ਵੱਧ ਰਹੀ ਜਨ-ਸੰਖਿਆ ਤੇ ਅੰਕੁਸ਼ ਲਾਉਣ ਦੇ ਹੱਕ ਵਿੱਚ ਹੈ। ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤ ਦੀ ਮਹਾਨਤਾ ਇਸ ਦੀ ਪ੍ਰਭੂਸੱਤਾ ਦੀ ਰਾਖੀ ਵਿੱਚ ਨਿਹਿਤ ਹੈ।

ਭਲਾ ਵਿਚਾਰਾਂ ਦਾ ਉਤਨੀ ਦੇਰ ਕੀ ਮਹੱਤਵ ਹੈ ਜਿਤਨੀ ਦੇਰ ਉਹ ਜਜ਼ਬੇ ਵਿੱਚ ਗੜੂੰਦ ਹੋ ਕੇ ਸਾਡੇ ਭਾਵਾਂ ਨੂੰ ਨਹੀਂ ਟੁੰਬਦੇ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਵਿਚਾਰ ਤਾਂ ਕਵਿਤਾ ਵਿੱਚ ਭਾਵਾਂ ਦੇ ਸੇਵਕ ਬਣਕੇ ਪ੍ਰਸਤੁਤ ਹੁੰਦੇ ਹਨ। ਸ਼ਿਅਰ-ਮੈਂ ਨੂੰ ਪਸ਼ਚਾਤਾਪ ਹੈ ਕਿ ਜੇਕਰ ਉਸਦੇ ਮਹਿਬੂਬ ਨੇ ਵਕਤ ਨਾ ਖੁੰਝਾਇਆ ਹੁੰਦਾ ਤਾਂ:

*ਸਮਾਂ ਰਹਿੰਦੇ ਉਨ੍ਹਾਂ ਉਸ ਪਲ ਹੁੰਗਾਰਾ ਭਰ ਲਿਆ ਹੁੰਦਾ,*
*ਕਿਸੀ ਸੂਰਤ ਦਿਲੀ-ਜਜ਼ਬਾਤ ਐਨੇ ਸਰਦ ਨਾ ਹੁੰਦੇ ।*

ਇਵੇਂ:

*ਸ਼ਬਦ-ਬਾਣਾਂ ਤੇ ਤਾਂ ਮੁਮਕਿਨ ਹੈ ਕੋਈ ਅੰਕੁਸ਼ ਮਗਰ,*
*ਤੀਰ ਨਜ਼ਰਾਂ ਦੇ ਭਲਾ ਕਿੰਝ ਰੋਕ ਪਾਉਗੇ ਤੁਸੀਂ।*

ਕਲਪਨਾ ਕਵੀ ਦਾ ਕਰਤਾਰੀ ਗੁਣ ਹੈ। ਇਸ ਗੁਣ ਤੋਂ ਬਿਨਾਂ ਕਾਵਿ-ਅੰਬਰ ਦੀ ਉਡਾਨ ਭਰਨੀ ਮੁਸ਼ਕਲ ਹੈ। ਹਰਚਰਨ ਕਲਪਨਾਸ਼ੀਲ ਵਿਅਕਤਿਤਵ ਦਾ ਸੁਆਮੀ ਹੈ ਇਸੇ ਲਈ ਤਾਂ ਉਹ ਕਹਿਣ ਲਈ ਉਤਾਵਲਾ ਹੈ:

*ਪੰਛੀ ਉਡਾਰ ਮਨ ਦਾ ਗਾਹੁੰਦਾ ਜੋ ਅੰਬਰਾਂ ਨੂੰ,*
*ਤੱਕਿਆ ਨਾ ਕਰ ਹਮੇਸ਼ਾ, ਇਉਂ ਘੂਰ ਘੂਰ ਏਨਾ।*

ਅਲੰਕਾਰ ਕਾਵਿ ਦੇ ਗਹਿਣੇ ਮੰਨੇ ਜਾਂਦੇ ਹਨ। ਇਨ੍ਹਾਂ ਬਿਨ ਕਾਵਿ ਵਿੱਚ ਸੁਹਜ ਪੈਦਾ ਹੀ ਨਹੀਂ ਹੋ ਸਕਦਾ। ਹਰਚਰਨ ਦੀ ਗ਼ਜ਼ਲ ਵਿੱਚ ਅਨੁਪ੍ਰਾਸ, ਉਪਮਾ, ਯਮਕ ਆਦਿ ਅਲੰਕਾਰ ਵੇਖੇ ਜਾ ਸਕਦੇ ਹਨ:

*ਸਿੱਕੋ, ਸ਼ੋਰ-ਸ਼ਰਾਬੇ ਦੇ ਜੰਗਲ ਵਿਚ ਤੋੜ ਗਈ ਦਮ,*
*ਦਿਲ ਦੇ ਮਹਿਰਮ ਖ਼ਾਤਰ ਨਿਕਲੀ ਦਿਲ 'ਚੋਂ ਇਕ ਸਦਾ।*
*(ਅਨੁਪ੍ਰਾਸ)*

*ਕਿਉਂ ਵਾਰ ਵਾਰ ਐਦਾਂ, ਕਰਦੇ ਹੋ ਵਾਰ ਦਿਲ ਤੇ,*
*ਕਿੰਨੀ ਕੁ ਦੇਰ ਆਖ਼ਰ, ਹੋਊ ਜ਼ਲੀਲ ਕੋਈ।*
*(ਯਮਕ)*

*ਗਹਿਣੇ ਦੀ ਪੁਖ਼ਤਗੀ ਲਈ, ਜਿਉਂ ਖੋਟ ਹੈ ਜ਼ਰੂਰੀ,*
*ਰਿਸ਼ਤੇ ਦੀ ਪੁਖ਼ਤਗੀ ਲਈ, ਤਕਰਾਰ-ਯਾਦ ਰੱਖੀਂ।*
*(ਉਪਮਾ ਅਲੰਕਾਰ)*

ਕਿਸੇ ਵੀ ਗ਼ਜ਼ਲ ਵਿੱਚ ਪ੍ਰਤੀਕਾਂ ਦਾ ਆਪਣਾ ਵਿਸ਼ੇਸ਼ ਸਥਾਨ ਹੁੰਦਾ ਹੈ ਗ਼ਜ਼ਲ ਦੇ ਸ਼ਿਅਰ ਦੀ ਸੰਖੇਪਤਾ ਨੇ ਸੰਕੇਤਾਂ ਦੁਆਰਾ ਜ਼ਿਆਦਾ ਕੰਮ ਲੈਣਾ ਹੁੰਦਾ ਹੈ ਕਿਉਂਕਿ ਸ਼ਿਅਰ ਆਪਣੇ ਆਪ ਵਿੱਚ ਸੰਪੂਰਨ ਇਕਾਈ ਹੁੰਦਾ ਹੈ। ਹਰਚਰਨ ਦੀਆਂ ਗ਼ਜ਼ਲਾਂ ਵਿੱਚੋਂ ਪ੍ਰਤੀਕਾਂ ਦੇ ਕੁਝ ਨਮੂਨੇ ਵੇਖੋ:

*ਝਲਕ ਦੇਖਦੇ ਸਾਰ ਜੋ ਇਕ ਦਮ ਮਛਲੀ ਫਾਹ ਲੈਂਦੇ,*
*ਅਸ਼ ਅਸ਼ ਕਰਨ ਨੂੰ ਜੀਅ ਕਰਦਾ ਐਸੇ ਫ਼ਨਕਾਰਾਂ ਤੇ।*

*ਨਿਗ੍ਹਾਬਾਨ ਜੰਗਲ ਦੇ ਬਹਿ ਖ਼ਾਬ ਤੱਕਣ,*
*ਕਿ ਇਕ ਦਿਨ ਤਾਂ ਆਏਗੀ ਹਰਨੀ ਅੜਿੱਕੇ।*

*ਮਨੁੱਖਤਾ ਦੇ ਸਿਰਾਂ ਤੇ ਇਸ ਤਰ੍ਹਾਂ ਖ਼ਤਰੇ ਨਾ ਮੰਡਰਾਉਂਦੇ*
*ਤੇਰੇ ਵਿਚ ਬੁਸ਼ ਮੇਰੇ ਵਿਚ ਜੇ ਕਿਤੇ ਸੱਦਾਮ ਨਾ ਹੁੰਦਾ।*

ਡਾ. ਹਰਚਰਨ ਦੀਆਂ ਗ਼ਜ਼ਲਾਂ ਦਾ ਭਾਸ਼ਾਈ ਮਹੱਤਵ ਵੇਖਣਾ ਬਣਦਾ ਹੈ। ਉਸ ਦੀਆਂ ਰਚਨਾਵਾਂ ਵਿੱਚ ਸੌਖੀ ਪੰਜਾਬੀ ਦੇ ਨਾਲ ਨਾਲ ਬੋਝਲ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਦੀ ਭਰਮਾਰ ਹੈ। ਸਾਧਾਰਨ ਪਾਠਕ ਨੂੰ ਅਰਥ-ਗ੍ਰਹਿਣ ਲਈ ਮਿਹਨਤ ਦੀ ਲੋੜ ਹੈ। ਅੰਗਰੇਜ਼ੀ ਸ਼ਬਦਾਵਲੀ ਜਿਵੇਂ ਰੀਮਿਕਸਿੰਗ, ਸਿਸਟਮ, ਅਡਵਾਂਸ ਤੇ ਸਕੈਨਿੰਗ ਸੈਂਟਰ ਤਾਂ ਪੰਜਾਬੀ ਵਿੱਚ ਰਚ ਮਿਚ ਗਏ ਹਨ। ਗ਼ਮਾਂ ਦੀ ਸ਼ਿੱਦਤ ਦੇ ਬਿਆਨ ਵਾਸਤੇ ਉਸ ਦੀ ਸ਼ਬਦ-ਪਕੜ ਹੌਲੀ ਹੌਲੀ ਵਧ ਰਹੀ ਹੈ:

*ਸ਼ਿੱਦਤ ਜੋ ਦਰਦ ਗ਼ਮ ਦੀ ਅਕਸਰ ਬਿਆਨਦੇ ਨੇ,*
*ਦਿੰਦੇ ਨੇ ਦਿਲ ਤੇ ਦਸਤਕ ਅਲਫ਼ਾਜ਼ ਹੌਲੀ ਹੌਲੀ।*

ਹਰਚਰਨ ਦਾ ਇਹ ਕਹਿਣਾ ਦਰੁਸਤ ਹੈ ਕਿ ਉਹ ਨਫ਼ਰਤ ਫੈਲਾਉਣ ਵਾਲੀ ਸ਼ਬਦਾਵਲੀ ਦਾ ਪ੍ਰਯੋਗ ਨਹੀਂ ਕਰ ਸਕਦਾ:

*ਇਹ ਲਫ਼ਜ਼ਾਂ ਦੇ ਹੱਥਾਂ 'ਚ ਹਥਿਆਰ ਦੇ ਕੇ,*
*ਮੈਂ ਸ਼ਿਅਰਾਂ ਨੂੰ ਕਾਤਿਲ ਬਣਾਵਾਂ ਤਾਂ ਕਿੱਦਾਂ?*

ਡਾ. ਹਰਚਰਨ ਨੂੰ ਪਿੰਗਲ ਤੇ ਅਰੂਜ਼ ਤੇ ਆਬੂਰ ਹਾਸਲ ਹੈ। ਉਸਦੀਆਂ ਜ਼ਿਆਦਾਤਰ ਗ਼ਜ਼ਲਾਂ ਮਫ਼ਊਲ ਫ਼ਾਇਲਾਤੁਨ ਅਰਥਾਤ (SSI SISS) ਬਹਿਰ ਵਿੱਚ ਪ੍ਰਗਟ ਹੁੰਦੀਆਂ ਹਨ। ਗ਼ਜ਼ਲ ਦੇ ਰੂਪ-ਮੂਲਕ ਰੂਪਾਕਾਰ ਦੀ ਉਸਨੂੰ ਬੜੀ ਸਮਝ ਹੈ। ਮਤਲਾ, ਸ਼ਿਅਰ, ਮਕਤਾ ਆਦਿ ਦੀ ਸਿੱਧਾਂਤਕ ਪਹੁੰਚ ਨੂੰ ਉਹ ਪ੍ਰਯੋਗ ਵਿੱਚ ਲਿਆਉਣ ਦੇ ਸਮਰੱਥ ਹੈ। ਵਿਸ਼ੇਸ਼ਤਾ ਇਹ ਹੈ ਕਿ ਹਰਚਰਨ ਦੇ ਸ਼ਿਅਰ ਦਾ ਹਰ ਚਰਨ (ਮਿਸਰਾ) ਦੂਸਰੇ ਚਰਨ (ਮਿਸਰੇ) ਨਾਲ ਤਣਾਓ ਵਿੱਚ ਵਿਚਰਦਾ ਹੈ ਅਤੇ ਇਸੇ ਤਣਾਓ ਵਿਚੋਂ ਹੀ ਉਸ ਦੇ ਸ਼ਿਅਰ ਹੋਂਦ ਗ੍ਰਹਿਣ ਕਰਦੇ ਹਨ। ਇਸ ਤਣਾਓ ਦੀ ਸਿਰਜਨਾ ਲਈ ਉਹ ਅਧੀਨ ਯੋਜਕਾਂ "ਜੇ, ਤਾਂ, ਕਿ, ਜਿਵੇਂ, ਜਦੋਂ" ਆਦਿ ਦਾ ਨਿੱਠਕੇ ਪ੍ਰਯੋਗ ਕਰਦਾ ਹੈ। ਜੇਕਰ ਕੇਵਲ 'ਜੇ' ਦੇ ਇਸ ਰੋਲ ਦੀ ਉਸ ਦੇ ਸ਼ਿਅਰਾਂ ਵਿੱਚੋਂ ਗਿਣਤੀ ਕਰੀਏ ਤਾਂ ਹਥਲੀ ਪੁਸਤਕ ਦੀਆਂ 74 ਗ਼ਜ਼ਲਾਂ ਵਿੱਚ 125

ਸ਼ਿਅਰਾਂ ਦਾ ਤਣਾਓ-ਸਿਰਜਨ ਵਿੱਚ 'ਜੇ' ਦੀ ਹੀ ਵਰਤੋਂ ਦੀ ਕਰਾਮਾਤ ਹੈ। ਉਸ ਦੇ ਸ਼ਿਅਰ ਸੰਰਚਨਾਤਮਕ ਦ੍ਰਿਸ਼ਟੀ ਤੋਂ ਮਨੋਸਰੀਰਕ ਵੀ ਹਨ ਅਤੇ ਤਨੋਮਾਨਸਿਕ ਵੀ। ਇਨ੍ਹਾਂ ਸ਼ਿਅਰਾਂ ਦੀ ਯਾਤਰਾ ਦੁਰਭਾਗ ਤੋਂ ਸੁਭਾਗ ਵੱਲ ਵੀ ਹੈ ਅਤੇ ਸੁਭਾਗ ਤੋਂ ਦੁਰਭਾਗ ਵੱਲ ਵੀ। ਖ਼ੂਬੀ ਇਹ ਵੀ ਕਿ ਉਸ ਦੇ ਮਿਸਰੇ ਇਕੋ ਸ਼ਿਅਰ ਵਿੱਚ ਭੂਤ, ਵਰਤਮਾਨ ਅਤੇ ਭਵਿੱਖ ਦੀ ਪੀਂਘ ਝੂਟਦੇ ਹਨ। ਜੇ ਇਕ ਮਿਸਰਾ ਭੂਤਕਾਲ ਦੀ ਗੱਲ ਕਰਦਾ ਹੈ ਤਾਂ ਦੂਜਾ ਵਰਤਮਾਨ ਜਾਂ ਭਵਿੱਖ ਦੀ ਬਾਤ ਪਾਉਂਦਾ ਹੈ। ਉਦਾਹਰਨ ਵਜੋਂ ਗ਼ਜ਼ਲ ਨੰ. 12, 20, 25, 33 ਵੇਖੀਆਂ ਜਾ ਸਕਦੀਆਂ ਹਨ:

ਇਹ ਸ਼ਾਇਰਾਨਾ ਦਿਲ ਤਾਂ ਛਲਣੀ ਸੀ ਇਕ ਉਮਰ ਤੋਂ,

(**ਭੂਤਕਾਲ**)

ਕੋਈ ਬੇ-ਸ਼ਊਰ ਫਿਰ ਤੋਂ, ਨਸ਼ਤਰ ਚਲਾ ਗਿਆ ਅੱਜ।

(**ਵਰਤਮਾਨ**)

ਬੱਚੇ, ਬੁੱਢੇ, ਅਧਖੜ, ਗੱਭਰੂ, ਵਾਹੋ-ਦਾਹੀ ਭੱਜਣ,

(**ਵਰਤਮਾਨ**)

ਪੁੱਜਣਾ ਚਾਹੁੰਦੇ ਸਾਹੋ-ਸਾਹੀ ਕਿੱਥੇ ਆਖ਼ਰਕਾਰ।

(**ਭਵਿੱਖਤ ਕਾਲ**)

ਹੱਥਾਂ ਤੇ ਹੱਥ ਧਰਕੇ ਅਗਰ, ਬੈਠੇ ਰਹੇ ਹਜ਼ੂਰ,

(**ਵਰਤਮਾਨ**)

ਹੋਊ ਤਾਂ ਹੋਊ ਕਿਸ ਤਰ੍ਹਾਂ, ਕਿਸ਼ਤੀ ਭੰਵਰ ਤੋਂ ਪਾਰ।

(**ਭਵਿੱਖ**)

ਦੁਰਕਾਰਦੇ ਨਾ ਸਾਰੇ, ਕਰਦੇ ਨਾ ਇੰਝ ਕਿਨਾਰਾ,

(**ਵਰਤਮਾਨ**)

ਇਉਂ ਚਿੜ-ਚਿੜਾਕੇ ਸਭ ਨੂੰ, ਜੇ ਝਿੜਕਦਾ ਨਾ ਹਰ ਪਲ।

(**ਭੂਤਕਾਲ**)

ਅਜਿਹੀਆਂ ਅਨੇਕਾਂ ਉਦਾਹਰਨਾਂ ਇਸ ਸੰਗ੍ਰਹਿ ਵਿਚੋਂ ਸੌਖਿਆਂ ਹੀ ਲੱਭੀਆਂ ਜਾ ਸਕਦੀਆਂ ਹਨ।

ਤਗੱਜ਼ਲ ਕਿਸੇ ਵੀ ਗ਼ਜ਼ਲ ਦੀ ਅਸਲ ਪਹਿਚਾਣ ਹੁੰਦੀ ਹੈ। ਬਿਆਨ ਦੀ ਸ਼ੈਲੀ ਹੀ ਤਗੱਜ਼ਲ ਅਖਵਾਉਂਦੀ ਹੈ। ਇਸ ਕਸਵੱਟੀ ਤੇ ਹਰਚਰਨ ਦੇ ਸ਼ਿਅਰ ਪੂਰੇ ਉੱਤਰਦੇ ਹਨ। ਕੁਝ ਉਦਾਹਰਨਾਂ ਕਾਫ਼ੀ ਰਹਿਣਗੀਆਂ:

(ੳ) ਰੂਹਾਂ ਨੂੰ ਸਰੱਹਦਾਂ ਤੇ ਉਹ ਰੋਕਣਗੇ ਤਾਂ ਕਿਸ ਹੀਲੇ,
ਟੇਕ ਜਿਨ੍ਹਾਂ ਦੀ ਹੈ ਇੱਕੋ ਕੰਡਿਆਲੀਆਂ ਤਾਰਾਂ ਤੇ।

(ਅ) ਪੜ੍ਹਿਆਂ ਲਿਖਿਆਂ ਦੀ ਨਗਰੀ ਵਿੱਚ ਭੁੱਲ-ਭੁਲੇਖੇ ਆ ਕੇ,
ਸਹਿਮ ਸਹਿਮ ਕੇ ਚੁੰਗੀਆਂ ਭਰਦੀ ਜੰਗਲ ਦੀ ਇਕ ਮੂਨ।

(ੲ) ਠੇਕੇ ਤੇ ਭਰਤੀ ਹੈ ਜੇ, ਕਾਇਆ-ਕਲਪ ਦਾ ਹੱਲ,
ਠੇਕੇ ਤੇ ਫਿਰ ਦੇ ਦਿਓ ਮੁਲਕ ਜ਼ਰਾ ਇਕ ਸਾਲ।

(ਸ) ਸ਼ਾਮ ਸਵੇਰੇ ਬਹਿ ਬਹਿ ਬੰਦਾ ਘੜਦਾ ਲੱਖ ਮਨਸੂਬੇ,
ਬੇਖ਼ਬਰਾ ਕੀ ਜਾਣੇ ਕਿੰਨੀ ਬੰਦੇ ਦੀ ਮੁਨਿਆਦ।

(ਹ) ਗੁਰਦਕਸ਼ਣਾਂ ਦੀ ਐਨੀ, ਕਰਦੇ ਹੋ ਕਿਉਂ ਤਵੱਕੋ,
ਨਾ ਖ਼ੁਦ ਦਰੋਣ ਆਪਾਂ, ਦਿਸਦਾ ਨਾ ਭੀਲ ਕੋਈ।

(ਕ) ਹਰ ਦੌਰ ਵਿੱਚ ਦੁਸ਼ਾਸਨ, ਇੱਜ਼ਤ ਦਾ ਖੇਲ ਖੇਲੇ,
ਹਰ ਦੌਰ ਵਿੱਚ ਪੰਚਾਲੀ, ਸੁੱਟਦੀ ਤੇਰੇ ਤੇ ਡੋਰੀ।

(ਖ) ਉਸ ਬੇਖ਼ਬਰ ਨੂੰ ਸ਼ਾਇਦ, ਹਰਗਿਜ਼ ਖ਼ਬਰ ਨਹੀਂ ਹੈ,
ਨਜ਼ਰਾਂ ਚੁਰਾਉਣਾ ਉਸ ਦਾ, ਢਾਹੁੰਦਾ ਹੈ ਕਹਿਰ ਜ਼ਿਆਦਾ।

(ਗ) ਰੱਬ ਦੀ ਕੁਦਰਤ ਦੇ ਗਾਉਂਦੇ ਹਾਂ ਸੋਹਿਲੇ ਸ਼ਾਮ ਸਵੇਰੇ,
ਜੰਮਣੋਂ ਪਹਿਲਾਂ ਕੋਹ ਸੁੱਟਦੇ ਹਾਂ ਕੁਦਰਤ ਦਾ ਸ਼ਾਹਕਾਰ।

ਖ਼ੂਬਸੂਰਤ ਸ਼ਿਅਰਾਂ ਦੀ ਇਹ ਚੋਣ ਤਾਂ ਕੇਵਲ ਗੋਹੜੇ 'ਚੋਂ ਪੂਣੀ ਕੱਤਣ ਦੇ ਸਮਾਨ ਹੀ ਹੈ।

ਡਾ. ਹਰਚਰਨ ਦੇ ਸ਼ਿਅਰਾਂ ਦੀ ਮੂਲ ਚੂਲ ਮਤਲੇ ਵਿੱਚ ਹੀ ਨਿਸ਼ਚਿਤ ਹੋ ਜਾਂਦੀ ਹੈ। ਇਹ ਕੋਈ ਅੱਖਰ, ਕੰਨਾ ਜਾਂ ਬਿਹਾਰੀ ਕਿਸੇ ਵੀ ਵੰਨਗੀ ਦੀ ਹੋ ਸਕਦੀ ਹੈ। ਇਸੇ ਨਿਸ਼ਚਿਤ ਮੂਲ ਚੂਲ ਨੂੰ ਉਹ ਆਪਣੇ ਸ਼ਿਅਰਾਂ ਵਿੱਚ ਬਾਖ਼ੂਬੀ ਨਿਭਾਉਂਦਾ ਹੈ-ਕਿਧਰੇ ਵੀ ਨਿਯਮਾਂ ਦੀ ਅਵੱਗਿਆ ਵਿਖਾਈ ਨਹੀਂ ਦਿੰਦੀ। ਵਿਅੰਗ ਦੀ ਤਿੱਖੀ ਨਸ਼ਤਰ ਉਸ ਨੂੰ ਵਰਤਣੀ ਆਉਂਦੀ ਹੈ। ਮਿਥਿਹਾਸਕ ਹਵਾਲੇ ਅਤੇ ਇਤਿਹਾਸਕ ਪਾਤਰਾਂ ਦਾ ਸਦਉਪਯੋਗ ਉਸ ਦਾ ਇਕ ਹਾਸਲ ਹੈ। ਉਸ ਨੇ ਮੁਸਲਸਲ ਅਤੇ ਗ਼ੈਰ-ਮੁਸਲਸਲ ਦੋਵੇਂ ਪ੍ਰਕਾਰ ਦੀਆਂ ਗ਼ਜ਼ਲਾਂ ਇਸ ਸੰਗ੍ਰਹਿ ਦਾ ਸ਼ਿੰਗਾਰ ਬਣਾਈਆਂ ਹਨ। ਭਰਤੀ ਦੀ ਸ਼ਬਦਾਵਲੀ ਤੋਂ ਕਾਫ਼ੀ ਹੱਦ ਤੱਕ ਸੰਕੋਚ ਵਰਤਿਆ ਹੈ। ਲੰਬੀ ਬਹਿਰ ਦੀਆਂ ਗ਼ਜ਼ਲਾਂ ਤੋਂ ਉਂਜ ਤਾਂ ਸੰਜਮ ਰੱਖਿਆ ਹੈ ਪਰ ਗ਼ਜ਼ਲ ਨੰ: 52 ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਜੇ ਲੰਬੀਆਂ ਬਹਿਰਾਂ ਤੇ ਵੀ ਕਵੀ ਹੱਥ

ਅਜ਼ਮਾਵੇ ਤਾਂ ਸਫ਼ਲ ਰਹੇਗਾ। ਕਾਫ਼ੀਏ ਚੁਸਤ ਵੀ ਵਰਤੇ ਹਨ, ਸੁਸਤ ਵੀ। ਲੰਬੇ ਰਦੀਫ਼ਾਂ ਦੀਆਂ ਗ਼ਜ਼ਲਾਂ (21, 36, 43, 44) ਵੀ ਹਾਜ਼ਰ ਹਨ। ਪੰਜਾਬੀ ਦੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਬਾਖ਼ੂਬੀ ਸ਼ਿਅਰਾਂ ਦੀ ਮਾਲਾ ਵਿੱਚ ਪਰੋਇਆ ਹੈ। ਵਜ਼ਨ ਦੀ ਲੋੜ ਅਨੁਸਾਰ 'ਅ', 'ਲ', 'ਰ' ਅੱਖਰਾਂ ਨੂੰ ਗਿਰਾਇਆ ਗਿਆ ਹੈ। ਕਿੰਨਾ ਚੰਗਾ ਹੋਵੇ ਜੇ ਹਰਚਰਨ ਬੰਧਨ-ਯੁਕਤ ਹੋਣ ਦੇ ਨਾਲ ਨਾਲ ਬੰਧਨ-ਮੁਕਤਤਾ ਵਲ ਵੀ ਕਦਮ ਪੁੱਟੇ ਕਿਉਂਕਿ ਅਜੋਕਾ ਸੱਚ ਵੱਟਿਆਂ ਨਾਲ ਤੁਲਨ ਤੋਂ ਕੰਨੀਂ ਕਤਰਾਉਂਦਾ ਹੈ। ਸਿਰਜਨਾ ਆਪਣੇ ਹੀ ਨਿਯਮਾਂ ਅਨੁਸਾਰ ਹੋਂਦ ਗ੍ਰਹਿਣ ਕਰਨ ਲਈ ਉਤਾਵਲੀ ਹੈ।

ਸੰਖੇਪ ਵਿੱਚ ਡਾ. ਹਰਚਰਨ ਦਾ ਗ਼ਜ਼ਲ ਸੰਗ੍ਰਹਿ **'ਖ਼ੁਦਗ਼ਰਜ਼ ਹਵਾ'** ਸਮਕਾਲੀ ਸਮੱਸਿਆਵਾਂ ਵੱਲ ਪਾਠਕਾਂ ਦਾ ਧਿਆਨ ਆਕਰਸ਼ਿਤ ਕਰਦੀ ਇਕ ਕਲਾਤਮਕ ਕਿਰਤ ਹੈ ਅਤੇ ਆਲੋਚਕਾਂ ਲਈ ਖੋਜ ਦੀਆਂ ਸੰਭਾਵਨਾਵਾਂ ਨਾਲ ਲਬਰੇਜ਼ ਰਚਨਾ ਹੈ। ਪੰਜਾਬੀ ਆਂਗਣ ਵਿੱਚ ਇਸ ਦਾ ਪ੍ਰਵੇਸ਼ ਸੁਆਗਤਯੋਗ ਹੈ।

ਸ਼ਾਲਾ! ਇਹ ਕਲਮ ਹਮੇਸ਼ਾ ਵਧੇ ਫੁੱਲੇ! ਆਮੀਨ!

**(ਡਾ.) ਧਰਮਚੰਦ ਵਾਤਿਸ਼**
ਸਾਬਕਾ ਮੁਖੀ
– ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
ਸਰਕਾਰੀ ਕਾਲਜ, ਮਲੇਰਕੋਟਲਾ।

## ਕੁਛ ਮੇਰੇ ਵੱਲੋਂ ਵੀ...

## 'ਮਰਮਰੀ ਜੰਗਲ' ਤੋਂ 'ਖ਼ੁਦ.ਗਰਜ਼ ਹਵਾ' ਤੱਕ

ਆਪਣੇ ਪਲੇਠੇ ਗ਼ਜ਼ਲ ਸੰਗ੍ਰਹਿ **'ਮਰਮਰੀ ਜੰਗਲ'** ਤੋਂ **'ਖ਼ੁਦ.ਗਰਜ਼ ਹਵਾ'** ਗ਼ਜ਼ਲ ਸੰਗ੍ਰਹਿ ਤੱਕ ਪੰਧ ਸਰ ਕਰਦਿਆਂ; ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ; ਵੰਨ-ਸੁਵੰਨੇ ਅਨੁਭਵ ਗ੍ਰਹਿਣ ਕਰਨ ਦਾ ਮੌਕਾ ਪ੍ਰਾਪਤ ਹੋਇਆ। ਦੋਹਾਂ ਗ਼ਜ਼ਲ ਸੰਗ੍ਰਹਿਆਂ ਦੀਆਂ ਬਹੁਤੀਆਂ ਰਚਨਾਵਾਂ ਪੰਜਾਬੀ ਦੇ ਸਿਰਮੌਰ ਦੈਨਿਕ ਅਤੇ ਮਾਸਿਕ/ਤ੍ਰੈ-ਮਾਸਿਕ ਪਰਚਿਆਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਨੂੰ ਸਾਹਿਤ ਦੇ ਸੂਝਵਾਨ ਪਾਠਕਾਂ/ਸਾਹਿਤ-ਰਸੀਆਂ ਦਾ ਭਰਵਾਂ ਹੁੰਗਾਰਾ ਪ੍ਰਾਪਤ ਹੁੰਦਾ ਰਿਹਾ ਹੈ। ਬਹੁਤੀਆਂ ਰਚਨਾਵਾਂ ਸਮੇਂ ਸਮੇਂ ਕਵੀ-ਦਰਬਾਰਾਂ/ਸਾਹਿਤਕ ਸਮਾਗਮਾਂ ਵਿੱਚ ਪੇਸ਼ ਕਰਨ ਦਾ ਵਡਮੁੱਲਾ ਮੌਕਾ ਵੀ ਮਿਲਦਾ ਰਿਹਾ ਹੈ।

ਮੇਰੀ ਖ਼ੁਸ਼-ਨਸੀਬੀ ਹੈ ਕਿ ਮੇਰੇ ਪਹਿਲੇ ਹੀ ਗ਼ਜ਼ਲ ਸੰਗ੍ਰਹਿ **'ਮਰਮਰੀ ਜੰਗਲ'** ਨੂੰ ਸਾਹਿਤਕ ਹਲਕਿਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਜਿੱਥੇ ਸਾਹਿਤ/ਕਲਾ ਦੇ ਸੂਖ਼ਮ ਤੇ ਬੌਧਿਕ ਹਸਤਾਖ਼ਰਾਂ ਵੱਲੋਂ ਭਰਵੀਂ ਦਾਦ ਮਿਲੀ, ਉੱਥੇ ਸੰਵੇਦਨਸ਼ੀਲ ਸਾਹਿਤਕਰਮੀਆਂ/ ਪਾਠਕਾਂ ਵੱਲੋਂ ਵੀ ਮੁਕਤ-ਕੰਠ ਨਾਲ ਰਚਨਾਵਾਂ ਦੀ ਤਾਰੀਫ਼ ਹੋਈ। ਪ੍ਰਸ਼ੰਸਾ ਹੋਈ।

ਸੂਝਵਾਨ ਸਮੀਖਿਆਕਾਰਾਂ, ਪਾਠਕਾਂ, ਸਰੋਤਿਆਂ ਦੇ ਨਿੱਘੇ ਤੇ ਹਾਂ-ਪੱਖੀ ਹੁੰਗਾਰੇ ਸਦਕਾ ਹੀ ਮੈਂ ਸਾਹਿਤਕ/ਕਾਵਿਕ-ਸਫ਼ਰ ਜਾਰੀ ਰੱਖਣ ਵਿਚ ਸਫ਼ਲ ਹੋ ਸਕਿਆ ਹਾਂ। ਬਹੁਤੇ ਸਾਹਿਤਕਰਮੀਆਂ, ਪਾਠਕਾਂ, ਸਰੋਤਿਆਂ ਨੇ ਖ਼ਤਾਂ ਰਾਹੀਂ/ ਫ਼ੋਨਾਂ ਰਾਹੀਂ/ਪੁਸਤਕ ਪੜਚੋਲ ਰਾਹੀਂ, ਭਰਵੀਂ ਹੱਲਾ-ਸ਼ੇਰੀ ਦਿੱਤੀ, ਜਿਸ ਦਾ ਮੈਂ ਦਿਲੋਂ ਰਿਣੀ ਹਾਂ।

**'ਮਰਮਰੀ ਜੰਗਲ'** ਦੀ ਭੂਮਿਕਾ ਲਿਖਦਿਆਂ ਸੂਝਵਾਨ ਆਲੋਚਕ ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ **'ਮਰਮਰੀ ਜੰਗਲ'** 'ਚੋਂ ਗੁਜ਼ਰਦਿਆਂ ਮੇਰੀ ਸਾਹਿਤਕ ਹਲਕਿਆਂ/ਸਾਹਿਤ ਪ੍ਰੇਮੀਆਂ ਨਾਲ ਅਟੁੱਟ ਸਾਂਝ ਪੁਆਈ। ਗ਼ਜ਼ਲਾਂ/ਸ਼ਿਅਰਾਂ ਦੀਆਂ ਵਿਭਿੰਨ ਪਰਤਾਂ ਫਰੋਲ ਕੇ ਪਾਠਕਾਂ ਦੇ ਰੂਬਰੂ ਕੀਤਾ, ਇਸ ਲਈ ਮੈਂ ਉਨ੍ਹਾਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ।

ਹਥਲੇ ਗ਼ਜ਼ਲ ਸੰਗ੍ਰਹਿ **'ਖ਼ੁਦ.ਗਰਜ਼ ਹਵਾ'** ਦੇ ਅੰਗ-ਸੰਗ ਵਿਚਰਦਿਆਂ ਪੰਜਾਬੀ ਦੇ ਪ੍ਰਬੁੱਧ ਚਿੰਤਕ/ਲੇਖਕ/ ਆਲੋਚਕ/ ਸਾਹਿਤਕਰਮੀ ਡਾ. ਧਰਮ ਚੰਦ ਵਾਤਿਸ਼ ਜੀ ਨੇ ਬੜੀ ਸ਼ਿੱਦਤ ਅਤੇ ਗਹਿਰਾਈ ਨਾਲ ਕਾਵਿ-ਰਚਨਾਵਾਂ ਦਾ ਸੂਖ਼ਮ ਅਧਿਐਨ ਕਰਕੇ ਆਪਣੇ ਵਿਚਾਰ ਜਿਸ ਦਿਆਨਤਦਾਰੀ ਨਾਲ ਪੇਸ਼ ਕੀਤੇ ਹਨ; ਵਡਮੁੱਲੇ ਸੁਝਾਅ ਦਿੱਤੇ ਹਨ; ਉਨ੍ਹਾਂ ਲਈ ਮੈਂ ਉਨ੍ਹਾਂ ਦਾ ਜਿੰਨਾ ਵੀ ਧੰਨਵਾਦ ਕਰਾਂ, ਉਹ ਥੋੜ੍ਹਾ ਹੈ। ਉਨ੍ਹਾਂ ਦੇ ਸੁਝਾਅ ਹਮੇਸ਼ਾਂ ਮੇਰੀ ਰਾਹਨੁਮਾਈ ਕਰਦੇ ਰਹਿਣਗੇ।

ਆਪਣੇ ਸੁਹਿਰਦ ਮਿੱਤਰ ਡਾ. ਬਚਿੱਤਰ ਸਿੰਘ ਸੋਮਲ, ਸਾਬਕਾ ਪ੍ਰਿੰਸੀਪਲ, ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ (ਲੁਧਿਆਣਾ) ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸੁਹਿਰਦ ਯਤਨਾਂ ਸਦਕਾ ਇਹ ਕਾਰਜ ਸੰਪੰਨ ਹੋ ਸਕਿਆ ਹੈ।

ਸਰਗਰਮ-ਸਾਹਿਤਕਰਮੀ ਹਰਮੀਤ ਸਿੰਘ ਅਟਵਾਲ ਵੱਲੋਂ ਮਿਲਿਆ ਹਾਂ-ਪੱਖੀ

ਹੁੰਗਾਰਾ ਪੁਸਤਕ ਦੀ ਪ੍ਰਕਾਸ਼ਨਾ ਲਈ ਅਹਿਮ ਸਾਬਿਤ ਹੋਇਆ, ਉਹ ਵੀ ਦਿਲੀ ਧੰਨਵਾਦ ਦੇ ਪਾਤਰ ਹਨ।

ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਅਤੇ ਡਾ. ਜਗਤਾਰ ਸਮੇਤ ਪੰਜਾਬੀ ਗ਼ਜ਼ਲ ਦੇ ਸਮੂਹ ਚਰਚਿਤ/ਵਿਖਿਆਤ ਹਸਤਾਖ਼ਰ ਮੇਰੇ ਲਈ ਹਮੇਸ਼ਾਂ ਪ੍ਰੇਰਨਾ-ਸਰੋਤ ਦਾ ਕੰਮ ਕਰਦੇ ਆ ਰਹੇ ਹਨ; ਮੇਰੀ ਗ਼ਜ਼ਲ ਦੇ ਨਕਸ਼-ਘੜਨ/ ਤਰਾਸ਼ਣ/ਸੁਆਰਨ ਵਿੱਚ ਉਨ੍ਹਾਂ ਦੀਆਂ ਸਾਹਿਤਕ-ਕ੍ਰਿਤਾਂ ਹਮੇਸ਼ਾਂ ਮੇਰਾ ਪੱਥ-ਪ੍ਰਦਰਸ਼ਨ ਕਰਦੀਆਂ ਰਹੀਆਂ ਹਨ।

ਮੇਰੇ ਕਰੀਬੀ ਦਾਇਰੇ ਵਿੱਚ ਵਿਚਰਦੇ ਮੇਰੇ ਸੰਗੀ-ਸਾਥੀ/ ਦੋਸਤ-ਮਿੱਤਰ/ ਜਾਣਕਾਰ-ਮੇਰੀਆਂ ਗ਼ਜ਼ਲਾਂ ਦੀ ਸਿਰਜਣ-ਪ੍ਰਕਿਰਿਆ ਵਿੱਚ, ਕਿਸੇ ਨਾ ਕਿਸੇ ਰੂਪ ਵਿੱਚ ਯੋਗਦਾਨ ਪਾ ਕੇ ਮੈਨੂੰ ਉਤੇਜਿਤ/ਉਤਸ਼ਾਹਿਤ ਕਰਦੇ ਆ ਰਹੇ ਹਨ; ਉਨ੍ਹਾਂ ਦੀ ਭੂਮਿਕਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਸਾਡੇ ਕਾਲਜ ਦੇ ਪ੍ਰਿੰਸੀਪਲ/ਸੈਨੇਟਰ ਡਾ. ਗੁਰਦੀਪ ਕੁਮਾਰ ਸ਼ਰਮਾ, ਸਾਥੀ ਪ੍ਰਾਧਿਆਪਕ ਡਾ. ਜਸਪਾਲ ਸਿੰਘ, ਪ੍ਰੋ. ਐਸ.ਕੇ. ਸ਼ਰਮਾ (ਫਿਜ਼ਿਕਸ), ਪ੍ਰੋ. ਸੁਰੇਸ਼ ਕੁਮਾਰ (ਹਿਸਟਰੀ) ਅਤੇ ਹੋਰ ਬੇ-ਸ਼ੁਮਾਰ ਦੋਸਤ-ਮਿੱਤਰ ਮੇਰੀ ਰਚਨਾ-ਪ੍ਰਕਿਰਿਆ ਵਿੱਚ ਸਰਗਰਮ ਯੋਗਦਾਨ ਪਾ ਕੇ ਮੇਰੇ ਵਿਚਾਰਾਂ ਨੂੰ ਸ਼ਬਦੀ-ਜਾਮਾ ਪਹਿਨਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ; ਸਾਰੇ ਧੰਨਵਾਦ ਦੇ ਹੱਕਦਾਰ ਹਨ।

ਆਪਣੇ ਪਰਿਵਾਰ ਦੇ ਮੈਂਬਰਾਂ-ਸੁਰਿੰਦਰ ਕੌਰ (ਜੀਵਨ ਸਾਥਣ), ਹਰਿੰਦਰ ਸਿੰਘ (ਬੇਟਾ) ਅਤੇ ਨਵਕਿਰਨ ਸੈਣੀ (ਬੇਟੀ), ਮੇਰੀ ਗ਼ਜ਼ਲ ਦੇ ਇਕ-ਇਕ ਸ਼ਿਅਰ ਦੇ ਅੰਗ-ਸੰਗ ਰਹੇ ਹਨ। ਉਨ੍ਹਾਂ ਦੇ ਅਸੀਮ ਸਹਿਯੋਗ ਤੋਂ ਬਿਨਾਂ ਇਹ ਰਚਨਾ-ਪ੍ਰਕਿਰਿਆ ਲੜਖੜਾਉਂਦੀ ਰਹਿੰਦੀ; ਇਸ ਦਾ ਮੈਨੂੰ ਤੀਬਰ ਅਹਿਸਾਸ ਹੈ।

ਅੰਤ ਵਿੱਚ, ਇਕ ਵਾਰ ਫੇਰ ਵਿਦਵਾਨ ਸਾਹਿਤ/ਕਲਾ ਪਾਰਖੂਆਂ, ਸੁਹਿਰਦ-ਸੰਵੇਦਨਸ਼ੀਲ ਪਾਠਕਾਂ/ਸਰੋਤਿਆਂ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਦੀ ਹੱਲਾ-ਸ਼ੇਰੀ ਤੇ ਉਤਸ਼ਾਹ ਸਦਕਾ, ਇੱਥੋਂ ਤੱਕ ਪੁੱਜਿਆ ਹਾਂ ਤੇ ਜਿਨ੍ਹਾਂ ਦੇ ਹਾਂ-ਪੱਖੀ ਹੁੰਗਾਰੇ ਦੀ ਉਡੀਕ ਹਮੇਸ਼ਾਂ ਵਾਂਗ ਮੇਰਾ ਸਾਹਿਤਕ-ਸਫ਼ਰ ਸਾਰਥਿਕ ਬਣਾਉਂਦੀ ਰਹੇਗੀ। ਮੇਰੇ ਰਾਹਾਂ ਨੂੰ ਰੁਸ਼ਨਾਉਂਦੀ ਰਹੇਗੀ। ...ਤੇ ਮੇਰੇ ਕੋਲੋਂ ਹੋਰ, ਹੋਰ ਚੰਗਾ ਲਿਖਵਾਉਂਦੀ ਰਹੇਗੀ।

ਤੁਹਾਡੇ ਸਿਹਤਮੰਦ ਹੁੰਗਾਰੇ ਦੀ ਉਡੀਕ ਵਿੱਚ,

ਤੁਹਾਡਾ ਆਪਣਾ,

**ਹਰਚਰਨ (ਡਾ.)**

ਮੁਖੀ,
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਜੀ.ਜੀ.ਡੀ.ਐਸ.ਡੀ. ਕਾਲਜ, ਹਰਿਆਣਾ,
(ਹੁਸ਼ਿਆਰਪੁਰ)।

# ਦੋ ਸ਼ਬਦ

ਖ਼ੁਦਗ਼ਰਜ਼ ਹਵਾ ਦੀ ਆਮਦ ਨਾਲ ਹਰਚਰਨ (ਡਾ.) ਦੀ ਕਾਵਿ ਕੁਸ਼ਲਤਾ ਪੱਕੇ ਪੈਰੀਂ ਹੋ ਖੜ੍ਹਦੀ ਹੈ। ਸੰਵੇਦਨਸ਼ੀਲਤਾ, ਸ਼ਬਦਾਂ ਦਾ ਸੰਜਮ ਅਤੇ ਉਨ੍ਹਾਂ ਨੂੰ ਸਹੀ ਥਾਂ ਵਰਤਣ ਦੀ ਜੁਗਤ, ਉਸ ਦਾ ਹਾਸਲ ਹੈ। ਉਸ ਨੇ ਜੀਵਨ ਘਟਨਾਵਾਂ ਨੂੰ ਨੀਝ ਨਾਲ ਵਾਚਦੇ ਹੋਏ, ਵੱਖ-ਵੱਖ ਪ੍ਰਸਥਿਤੀਆਂ, ਸਮਾਜਕ ਰਿਸ਼ਤਿਆਂ ਦੇ ਤਾਣੇ-ਬਾਣੇ ਤੇ ਇਸ ਵਿਚ ਸ਼ਾਮਲ ਸ਼ਿੰਗਾਰ, ਕੋਹਝ, ਸੁੱਖ, ਦੁੱਖ, ਨਿਆਂ ਤੇ ਪ੍ਰੇਸ਼ਾਨੀਆਂ ਨੂੰ ਪੇਸ਼ ਕਰਨ ਵਿਚ, ਆਪਣੀ ਆਤਮਾ ਦੀ ਆਵਾਜ਼ ਦੀ ਗੱਲ ਸੁਣੀ ਹੈ ਤੇ ਇਸ ਨਾਲ ਇਨਸਾਫ਼ ਕਰਨ ਦੀ ਦਲੇਰੀ ਕੀਤੀ ਹੈ। ਇਸ ਰਚਨਾ ਦੀ ਹਰ ਪਰਤ ਉਸ ਦੇ ਨਿੱਜਤਵ ਦੇ ਹਰ ਪਸਾਰ ਨੂੰ ਸਮਾਜਕ ਵਰਤਾਰੇ ਦੇ ਸਨਮੁਖ ਰਹਿ ਕੇ ਪੇਸ਼ ਹੋਣ ਦੇ ਆਹਰ ਵਿਚ, ਉਸ ਦੀ ਨਿਸ਼ਠਾ ਨੂੰ ਪ੍ਰਤੀਬਿੰਬਤ ਕਰਦੀ ਹੈ ਅਤੇ ਅੱਜ ਦੇ ਮਸ਼ੀਨੀ-ਯੁੱਗ ਵਿਚ ਮਾਨਵੀ-ਕਦਰਾਂ ਤੇ ਸੂਖ਼ਮ ਵਲਵਲਿਆਂ ਦੀ ਗੱਲ ਕਰਦੀ ਹੈ। ਉਹ ਹਰ ਪ੍ਰਸਥਿਤੀ ਵਿਚ ਜਜ਼ਬੇ ਨੂੰ ਪੇਸ਼ ਕਰਦਿਆਂ ਕਾਰਨ ਤੇ ਪ੍ਰਭਾਵ (Cause and effect) ਨੂੰ ਅਣਦੇਖਿਆ ਨਹੀਂ ਕਰਦਾ। ਇਹ ਪੁਸਤਕ ਉਸ ਨੂੰ ਭਵਿੱਖ ਵਿਚ ਚੇਤਨਾ ਦੇ ਸੂਖ਼ਮ ਤੇ ਤੀਬਰ ਅਹਿਸਾਸ ਨੂੰ ਹੋਰ ਪ੍ਰਚੰਡ ਰੂਪ ਵਿਚ ਪੇਸ਼ ਕਰਨ ਦੀ ਜ਼ਾਮਨੀ ਭਰਦੀ ਹੈ।

**ਬਚਿੱਤਰ ਸਿੰਘ ਸੋਮਲ (ਡਾ.)**
ਪ੍ਰਿੰਸੀਪਲ (ਸਾਬਕਾ)
ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ (ਲੁਧਿਆਣਾ)

✡

ਜੇ ਅਜ਼ਮਤ ਨੇ ਜਲਵਾ ਦਿਖਾਇਆ ਨ ਹੁੰਦਾ।
ਤਾਂ ਬਣਕੇ ਮਸੀਹਾ ਉਹ ਆਇਆ ਨਾ ਹੁੰਦਾ।

ਨਜ਼ਰ ਉਸ ਦੀ ਹੁੰਦੀ ਨ ਜੇਕਰ ਸੁਵੱਲੀ,
ਮੁਕੱਦਰ ਇਵੇਂ ਮੁਸਕਰਾਇਆ ਨ ਹੁੰਦਾ।

ਹਕੀਕਤ 'ਚ ਕਿੰਞ ਖ਼ਾਬ ਇਸ ਪਲ ਬਦਲਦਾ,
ਹੁਸੀਂ ਖ਼ਾਬ ਬਣ ਕੇ ਉਹ ਆਇਆ ਨ ਹੁੰਦਾ।

ਚੁਫੇਰਾ ਕਿਵੇਂ ਬਾਤ ਪਾਉਂਦਾ ਉਦ੍ਹੀ, ਜੇ,
ਖ਼ੁਸ਼ੀ ਬਣ ਫ਼ਿਜ਼ਾ ਵਿੱਚ ਉਹ ਛਾਇਆ ਨ ਹੁੰਦਾ।

ਇਹ ਰਗ ਰਗ 'ਚ ਖ਼ੁਸ਼ਬੂ ਕਿਵੇਂ ਦੌੜਦੀ, ਜੇ,
ਉਹ ਸੰਦਲੀ ਹਵਾ ਬਣ ਕੇ ਆਇਆ ਨ ਹੁੰਦਾ।

ਉਦ੍ਹੀ ਹਰ ਅਦਾ ਕਿੰਞ ਮਹਿਬੂਬ ਹੁੰਦੀ,
ਜੇ ਮਹਿਬੂਬ ਬਣ ਕੇ ਉਹ ਆਇਆ ਨ ਹੁੰਦਾ।

ਉਹ ਬਣ ਬਣ ਮੁਹੱਬਤ ਨ ਪਲ ਪਲ ਵਿਖਰਦਾ,
ਜੇ ਉਲਫ਼ਤ ਨੇ ਉਸ ਨੂੰ ਸਤਾਇਆ ਨ ਹੁੰਦਾ।

ਸਦਾ ਵਾਂਗ ਖੁੱਲ੍ਹ ਕੇ ਬਰਸਦਾ ਜੇ ਪਾਣੀ,
ਤਾਂ ਕਣ ਕਣ ਨਦੀ ਦਾ ਤਿਹਾਇਆ ਨ ਹੁੰਦਾ।

ਤੇਰੇ ਪਾਕ ਦਾਮਨ ਤੇ ਤਾਂ ਹਰਫ਼ ਆਉਂਦਾ,
ਜੇ ਸੀਰਤ ਨੂੰ ਮੈਂ ਆਜ਼ਮਾਇਆ ਨ ਹੁੰਦਾ।

•

✲

ਤਕਦੀਰ ਦੀ ਇਬਾਰਤ ਏਦਾਂ ਉਲੀਕ ਦੇਵੀਂ।
ਸਿਰ ਤੇ ਪਈ ਨਿਭਾਵਾਂ, ਐਨੀ ਤੁਫ਼ੀਕ ਦੇਵੀਂ।

ਚਾਲਾਂ ਘਿਨਾਉਣੀਆਂ ਦਾ, ਭਾਂਡਾ ਚੁਰਾਹੇ ਭੰਨਾਂ,
ਬੁੱਧੀ, ਮੇਰੇ ਖ਼ੁਦਾਇਆ! ਐਨੀ ਬਰੀਕ ਦੇਵੀਂ।

ਤੱਕੇ ਜਾਂ ਖ਼ੁਦ ਕਰੇ ਜੋ, ਥਾਂ ਥਾਂ ਤਮਾਸ਼ਬੀਨੀ,
ਦੁਸ਼ਮਣ ਨੂੰ ਵੀ ਨਾ ਯਾ-ਰੱਬ! ਐਸਾ ਸ਼ਰੀਕ ਦੇਵੀਂ।

ਬਰਬਾਦੀਆਂ ਦੇ ਐਸੇ, ਲੈ ਕੇ ਪੈਗ਼ਾਮ ਆਏ,
ਭੁੱਲ ਕੇ ਵੀ ਨਾ ਦੁਬਾਰਾ, ਐਸੀ ਤਰੀਕ ਦੇਵੀਂ।

ਧਰਤੀ ਤੋਂ ਜੜ੍ਹ ਹਿਲਾ ਜੋ, ਆਕਾਸ਼ ਵਿੱਚ ਉਡਾਏ,
ਦੌਲਤ ਬਿਸ਼ੱਕ ਨਾ ਐਸੀ, ਲੋੜੋਂ ਵਧੀਕ ਦੇਵੀਂ।

ਪੈਰਾਂ ਤੇ ਖੜ੍ਹ ਸਕਾਂ-ਨਾ-ਉੱਭਰ ਸਕਾਂ ਦੁਬਾਰਾ,
ਵਿਨਾਸ਼ ਦੀ ਗ਼ਰਤ ਵੱਲ, ਇੰਜ ਨਾ ਧਰੀਕ ਦੇਵੀਂ।

ਆਗੋਸ਼ ਵਿੱਚ ਬਿਸ਼ੱਕ ਉਹ, ਤਾ-ਜ਼ਿੰਦਗੀ ਨਾ ਆਏ,
ਕਦਮਾਂ ਦੀ ਬਿੜਕ ਰੱਖਾਂ, ਐਸੀ ਉਡੀਕ ਦੇਵੀਂ।

•

✯

ਕਰਦੇ ਨਾ ਹਰ ਦਫ਼ਾ ਜੇ ਸੁਰ, ਸਾਜ਼ ਜ਼ਿੰਦਗੀ ਦਾ।
ਹੁੰਦਾ ਕਿਵੇਂ ਦੁਬਾਰਾ ਆਗ਼ਾਜ਼ ਜ਼ਿੰਦਗੀ ਦਾ।

ਆਉਂਦੀ ਨਾ ਦੋਸਤੋ ਜੇ, ਉਪਰੋਥਲੀ ਮੁਸੀਬਤ,
ਖੁੱਲ੍ਹਦਾ ਨਾ ਜ਼ਿੰਦਗੀ ਭਰ, ਫਿਰ ਰਾਜ਼ ਜ਼ਿੰਦਗੀ ਦਾ।

ਪਰਛਾਵਿਆਂ ਦੇ ਗੜ੍ਹ 'ਚੋਂ, ਲਾਹ ਕੇ ਨਕਾਬ ਇਕ ਦਿਨ,
ਕੋਈ ਤਾਂ ਬਣ ਕੇ ਆਊ, ਹਮਰਾਜ਼ ਜ਼ਿੰਦਗੀ ਦਾ।

ਸਭ ਕੁਝ ਲਗਾ ਕੇ ਦਾਅ ਤੇ, ਖ਼ੁਦ 'ਚੋਂ ਖ਼ੁਦੀ ਮਿਟਾ ਕੇ,
ਸਿੱਖਿਆ ਹੈ ਜ਼ਿੰਦਗੀ ਤੋਂ, ਅੰਦਾਜ਼ ਜ਼ਿੰਦਗੀ ਦਾ।

ਆਪਣੇ ਲਈ ਜੀਏ ਜੇ, ਤਾਂ ਖ਼ਾਕ ਜੀਣ ਐਸਾ,
ਵੰਗਾਰਦਾ ਹੈ ਹਰ ਇਕ, ਅਲਫ਼ਾਜ਼ ਜ਼ਿੰਦਗੀ ਦਾ।

ਸ਼ਿਕਵੇ ਗਿਲੇ ਭੁਲਾ ਕੇ, ਜਦ ਤੋਂ ਗਲੇ ਲਗਾਇਆ,
ਸਿਰ ਤੇ ਰਿਹਾ ਨਾ ਕੋਈ, ਇਤਰਾਜ਼ ਜ਼ਿੰਦਗੀ ਦਾ।

ਕਿਸਮਤ ਤੇ ਬੁੜ-ਬੁੜਾ ਕੇ, ਦਿਨ ਰਾਤ ਛਟ ਪਟਾ ਕੇ,
ਕਿਉਂ ਛੇੜਦੇ ਹੋ ਕਿੱਸਾ, ਨਾਸਾਜ਼ ਜ਼ਿੰਦਗੀ ਦਾ,

ਅਪਣਾ ਵੀ ਨਾਮ ਇਕ ਦਿਨ, ਆਊ ਜ਼ੁਬਾਨ ਉੱਤੇ,
ਜਦ ਵੀ ਛਿੜੇਗਾ ਚਰਚਾ, ਜਾਂਬਾਜ਼ ਜ਼ਿੰਦਗੀ ਦਾ।

ਸੰਸਾ ਹਰਿਕ ਮਿਟਾ ਕੇ, ਸੁਖ-ਚੈਨ ਦਾਅ ਤੇ ਲਾ ਕੇ,
'ਹਰਚਰਨ' ਵਾਂਗ ਬਣ ਜਾ, ਸ਼ਾਹਬਾਜ਼ ਜ਼ਿੰਦਗੀ ਦਾ।

•

✯

ਕਿਤੇ ਜੇ ਆਪਣੇ ਹੀ ਇਸ ਕਦਰ ਬੇ-ਦਰਦ ਨਾ ਹੁੰਦੇ।
ਅਸੀਂ ਵੀ ਰਸਤਿਆਂ ਦੀ ਫਿਰ ਨਿਗੂਣੀ ਗਰਦ ਨਾ ਹੁੰਦੇ।

ਸਮਾਂ ਰਹਿੰਦੇ ਉਨ੍ਹਾਂ ਉਸ ਪਲ ਹੁੰਗਾਰਾ ਭਰ ਲਿਆ ਹੁੰਦਾ,
ਕਿਸੀ ਸੂਰਤ ਦਿਲੀ-ਜਜ਼ਬਾਤ ਐਨੇ ਸਰਦ ਨਾ ਹੁੰਦੇ।

ਸਲੀਕਾ, ਸੁਹਜ, ਸਾਊਪਨ ਤਬੀਅਤ ਵਿੱਚ ਕਿਤੇ ਹੁੰਦਾ,
ਸਰੇ-ਬਾਜ਼ਾਰ, ਦਿਨ-ਦੀਵੀਂ, ਇਵੇਂ ਬੇ-ਪਰਦ ਨਾ ਹੁੰਦੇ।

ਕਿਹੀ ਨੀਰਸ, ਕਿਹੀ ਬੇਨੂਰ, ਬੋਝਲ ਦਾਸਤਾਂ ਹੁੰਦੀ,
ਅਗਰ ਇਤਿਹਾਸ ਦੇ ਪੰਨਿਆਂ ਤੇ ਕੁਛ ਇਕ 'ਮਰਦ' ਨਾ ਹੁੰਦੇ।

ਹੋਈ ਬੀਤੀ ਕਥਾ, ਕਿੱਸਾ, ਕਹਾਣੀ, ਹਾਦਸਾ ਬਣਦੇ,
ਸਫ਼ਰ ਦੌਰਾਨ ਜੇਕਰ ਉਸ ਘੜੀ ਹਮਦਰਦ ਨਾ ਹੁੰਦੇ।

ਕਿਵੇਂ ਅਹਿਸਾਸ ਹੁੰਦਾ ਕਹਿਰ ਢਾਏ 'ਮਰਮਰੀ ਜੰਗਲ',
ਜੇ ਚਿਹਰੇ ਰੌਣਕੀਲੇ ਇਸ ਤਰ੍ਹਾਂ ਕੁਛ ਜ਼ਰਦ ਨਾ ਹੁੰਦੇ।

ਗ਼ਜ਼ਲ ਦੇ ਨੈਣ-ਨਕਸ਼ਾਂ ਵਿੱਚ ਕਿਵੇਂ ਫਿਰ ਦਿਲਕਸ਼ੀ ਹੁੰਦੀ,
ਅਗਰ 'ਹਰਚਰਨ' ਐਨੇ ਜ਼ਿੰਦਗੀ ਵਿੱਚ ਦਰਦ ਨਾ ਹੁੰਦੇ।

•

✡

ਬੇਵਜ੍ਹਾ ਜਦ ਗ਼ੈਰ ਵੱਲ ਉਂਗਲ ਉਠਾਓਗੇ ਤੁਸੀਂ।
ਫਿਰ ਵਿਸ਼ਾ ਚਰਚਾ ਦਾ ਖ਼ੁਦ ਵੀ ਬਣ ਹੀ ਜਾਓਗੇ ਤੁਸੀਂ।

ਸ਼ਬਦ-ਬਾਣਾਂ ਤੇ ਤਾਂ ਮੁਮਕਿਨ ਹੈ ਕੋਈ ਅੰਕੁਸ਼, ਮਗਰ,
ਤੀਰ ਨਜ਼ਰਾਂ ਦੇ ਭਲਾ ਕਿੰਝ ਰੋਕ ਪਾਓਗੇ ਤੁਸੀਂ।

ਮੀਟ ਕੇ ਅੱਖਾਂ ਅਗਰ ਹਰ ਚਾਲ ਜੇ ਚੱਲਦੇ ਰਹੇ,
ਆਪਣੇ ਹੀ ਮੁਹਰਿਆਂ ਤੋਂ ਮਾਤ ਖਾਓਗੇ ਤੁਸੀਂ।

ਮਸਤ ਹੋ ਕੇ ਬੀਨ ਤੇ, ਸੁਧ-ਬੁਧ ਭੁਲਾ ਕੇ ਇਸ ਤਰ੍ਹਾਂ,
ਨਕਸ਼ ਆਪਣੀ ਹੋਂਦ ਦੇ ਕਿੱਦਾਂ ਬਚਾਓਗੇ ਤੁਸੀਂ।

ਤਾਣ ਕੇ ਸੀਨਾ ਤੁਰਨ ਦੀ ਜਾਚ ਹੀ ਸਿਖਦੇ ਰਹੇ,
ਕੀ ਇਲਮ ਸੀ ਪਿੱਠ ਤੇ ਖ਼ੰਜਰ ਚਲਾਓਗੇ ਤੁਸੀਂ।

ਪੁਤਲੀਘਰ ਤੋਂ ਕਰ ਗਏ ਅਕਸਰ ਕਿਨਾਰਾ ਇਸ ਲਈ,
ਪੁਤਲੀਗ਼ਰ ਹੋ ਨਾਚ ਉਂਗਲਾਂ ਤੇ ਨਚਾਓਗੇ ਤੁਸੀਂ।

ਈਰਖਾ, ਨਫ਼ਰਤ, ਨਾ-ਸ਼ੁਕਰਾਪਨ, ਹਵਸ, ਹੈਵਾਨੀਅਤ,
ਮੁਸਕਰਾਹਟ ਹੇਠ ਹੁਣ ਕੀ ਕੀ ਲੁਕਾਓਗੇ ਤੁਸੀਂ।

ਰਹਿ ਗਿਆ ਬਣਕੇ ਬਿਸ਼ੱਕ ਰਿਸ਼ਤਾ ਹਰਿਕ ਮੱਜ਼ਾਕ ਹੁਣ,
ਦੋਸਤੀ-ਵਿਸ਼ਵਾਸ ਲਈ ਫਿਰ ਗਿੜਗਿੜਾਓਗੇ ਤੁਸੀਂ।

ਖ਼ਾਬ ਵਿੱਚ ਵੀ ਦੋਸਤੋ 'ਹਰਚਰਨ' ਲਿਖਦਾ ਨ ਗ਼ਜ਼ਲ,
ਜੇ ਖ਼ਬਰ ਹੁੰਦੀ ਕਿ ਸੁਣਕੇ ਤਿਲਮਿਲਾਓਗੇ ਤੁਸੀਂ।

•

✵

ਹੋਇਆ ਨਹੀਂ ਹਨ੍ਹੇਰਾ ਨਾ ਦੂਰ ਜਾਉ ਹਾਲੇ।
ਪਰਛਾਵਿਉਂ ਨਾ ਏਦਾਂ ਪੱਲਾ ਬਚਾਉ ਹਾਲੇ।

ਇਕ ਹੋਣ ਦੇ ਅਹਿਦ ਦੀ ਸੁੱਕੀ ਨਹੀਂ ਸਿਆਹੀ,
ਕੁਛ ਤਾਂ ਰਹੇ ਭਰਮ ਨਾ-ਨਜ਼ਰਾਂ ਚੁਰਾਉ ਹਾਲੇ।

ਮੰਨਿਆਂ ਤੁਫ਼ਾਨ ਗਹਿਰਾ, ਕਿਸ਼ਤੀ ਵੀ ਚਰਮਰਾਏ,
ਕੁਛ ਤਾਂ ਕਰੋ ਸਬਰ-ਨਾ-ਛਾਲਾਂ ਲਗਾਉ ਹਾਲੇ।

ਇਕ ਦੂਸਰੀ ਤੋਂ ਚੜ੍ਹ ਚੜ੍ਹ ਆਉਂਦੀ ਹੈ ਛੱਲ ਹਰ ਇਕ,
ਸੁੱਤੀਆਂ ਕਲਾਂ ਨਾ ਹਰਗਿਜ਼ ਏਦਾਂ ਜਗਾਉ ਹਾਲੇ।

ਮੁਸ਼ਕਿਲ ਦੇ ਸਾਹਵੇਂ ਬਣ ਬਣ ਵੰਗਾਰ ਖ਼ੁਦ ਖੜ੍ਹਾਂ ਜਦ,
ਬੇਵਕਤ, ਬੇਵਜ੍ਹਾ ਨਾ ਚਿਹਰਾ ਲੁਕਾਉ ਹਾਲੇ।

ਮੰਜ਼ਿਲ ਦੇ ਪੰਧ ਉੱਤੇ ਪਹਿਲਾ ਹੀ ਪੈਰ ਧਰਿਆ,
ਐਵੇਂ ਨਾ ਇੰਝ ਰੋਣੀਂ ਸੂਰਤ ਬਣਾਉ ਹਾਲੇ।

ਪਰਤਾਂ ਉਠਾਕੇ ਦਿਲ ਤਾਂ 'ਹਰਚਰਨ' ਦਾ ਫਰੋਲੋ,
ਨਾ ਸੁਣ ਸੁਣਾ ਕੇ ਏਦਾਂ ਫ਼ਤਵੇ ਸੁਣਾਓ ਹਾਲੇ।

•

✯

ਕਿਉਂ ਪੱਲਾ ਬਚਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।
ਨਜ਼ਰ ਅਕਸਰ ਚੁਰਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਦਿਲਾਂ ਦੀ ਸਾਂਝ ਦਾ ਚਸ਼ਮਾ, ਲਾਸਾਨੀ ਖੇਲ ਕੁਦਰਤ ਦਾ,
ਸਦਾ ਦਿਲ ਦੀ ਦਬਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਕੋਈ ਖ਼ੁਸ਼ਬੂ ਖਿੰਡਾਉਂਦਾ ਹੈ, ਕੋਈ ਨਸ਼ਤਰ ਚਲਾਉਂਦਾ ਹੈ,
ਕਿਉਂ ਤਨ-ਮਨ ਤਪਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਬੇਚੈਨੀ, ਬੇ-ਰੁਖ਼ੀ, ਬੇਗਾਨਗੀ ਕੁਛ ਕਮ ਹੈ ਪਹਿਲਾਂ, ਜੋ,
ਅਮਨ ਦਿਲ ਦਾ ਗੁਆਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਖ਼ਤਾ ਹੁੰਦੀ ਅਗਰ ਅਪਣੀ, ਨਿਸੰਗ ਸਵੀਕਾਰ ਲੈਂਦੇ, ਪਰ,
ਕਦਮ ਪਿੱਛੇ ਹਟਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਸਫ਼ਰ ਤੈਅ ਕਰਦਿਆਂ ਮਰ ਕੇ, ਮਸਾਂ, ਦੋ ਪੈਰ ਚੱਲੇ ਹਾਂ,
ਹੁਣੇ ਪਿੱਛਾ ਦਿਖਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

ਖ਼ਤਾ ਦੱਸੇ ਬਿਨਾਂ ਆਖਰ, ਕਿਉਂ 'ਹਰਚਰਨ' ਆਪਣੇ ਨੂੰ,
ਕਤਰਿਆਂ ਵਿੱਚ ਮੁਕਾਉਂਦੇ ਹੋ, ਮਹਿਜ਼ ਇਕ ਗ਼ੈਰ ਦੇ ਆਖੇ।

•

✵

ਹੋ ਰਿਹਾ ਇਹ ਮਸ਼ਵਰਾ ਹੁਣ ਹਰ ਤਰਫ਼ ਸਿਰ ਜੋੜ ਕੇ।
ਪਰ ਕੁਤਰ ਕੇ ਏਸ ਦੇ, ਪਿੰਜਰੇ 'ਚ ਰੱਖੋ ਹੋੜ ਕੇ।

ਛਾਂਗਿਆ–ਅਕਸਰ–ਜੜ੍ਹਾਂ ਵਿੱਚ ਤੇਲ ਵੀ ਦਿੱਤਾ, ਮਗਰ,
ਫ਼ੈਲਦਾ ਹੀ ਜਾ ਰਿਹਾ ਰੁੱਖ, ਵਲਗਣਾਂ ਸਭ ਤੋੜ ਕੇ।

ਬੰਨ੍ਹ ਬਣਾਓ ਜਾਂ ਲਗਾਓ ਰੋਕ ਤਿੱਖੇ ਵੇਗ ਤੇ,
ਮੈਂ ਤਾਂ ਦਰਿਆ ਹਾਂ, ਕਦੋਂ ਤੱਕ ਰੱਖ ਸਕੋਗੇ ਹੋੜ ਕੇ।

ਲੱਖ ਲਗਾਓ ਸੋਚ 'ਤੇ ਅੰਕੁਸ਼–ਬਣਾਓ, ਪਿੰਜਰੇ,
ਉਡ ਹੀ ਜਾਂਦੇ ਨੇ ਪਰਿੰਦੇ ਬੰਦਿਸ਼ਾਂ ਸਭ ਤੋੜ ਕੇ।

ਜਿਸ ਦਿਆਂ ਸਾਹਾਂ 'ਚ ਸਾਹ ਭਰਦੇ ਰਹੇ ਤਾ–ਜ਼ਿੰਦਗੀ,
ਔੜ ਕੀ ਆਈ ਜ਼ਰਾ–ਉਹ ਤੁਰ ਗਿਆ ਮੂੰਹ ਮੋੜ ਕੇ।

ਉਹ, ਜਿਹਨੂੰ ਤਕਸੀਮ ਕਰ 'ਹਰਚਰਨ' ਇਤਰਾਉਂਦੇ ਰਹੇ,
ਨਾਮ ਰੱਖਿਆ 'ਜ਼ਿੰਦਗੀ' ਟੁਕੜੇ ਅਸਾਂ ਤਾਂ ਜੋੜ ਕੇ।

•

✯

ਤੱਕਦੇ ਨਾ ਜ਼ਿੰਦਗੀ ਦੇ, ਬਹਿ ਬਹਿ ਜੇ ਖ਼ਾਬ ਏਦਾਂ।
ਕਿੰਝ ਸੌਰਦੇ ਗ਼ਜ਼ਲ ਦੇ, ਨਖ਼-ਸ਼ਿਖ਼ ਜਨਾਬ ਏਦਾਂ।

ਵਰਕੇ ਤਾਂ ਕੁਛ ਫਰੋਲੋ, ਪਰਤਾਂ ਹੀ ਕੁਛ ਉਠਾਓ,
ਕਿਉਂ ਉਡ ਗਈ ਹੈ ਰੰਗਤ, ਤੱਕ ਕੇ ਕਿਤਾਬ ਏਦਾਂ।

ਸੁਲਝੀ-ਨ-ਸੁਲਝਣੀਂ ਹੈ, ਰਿਸ਼ਤੇ ਦੀ ਤੰਦ-ਤਾਣੀ,
ਇਨਸਾਫ਼ ਦਾ ਰਿਹਾ ਜੇ, ਚੱਲਦਾ ਹਿਸਾਬ ਏਦਾਂ।

ਦੇ ਦੇ ਕੇ ਤੂਲ ਗੱਲ ਨੂੰ, ਦਿਨ-ਰਾਤ ਸੁਲ੍ਹਗਦੇ ਹੋ,
ਨਾ - ਖ਼੍ਹਾਮਖ਼ਾ ਬਣਾਓ, ਜੀਵਨ ਅਜ਼ਾਬ ਏਦਾਂ।

ਲਹਿਰਾਂ ਦਾ ਸ਼ੋਰ ਸੁਣ ਕੇ, ਦਹਿਲਾ ਗਏ ਹੋ ਜੇਕਰ,
ਕਿੱਦਾਂ ਤਰੋਗੇ ਆਖਰ, ਵਹਿਸ਼ੀ ਚਨਾਬ ਏਦਾਂ।

ਜਦ ਸਾਜ਼ ਜਰਜਰਾ ਕੇ, ਇਉਂ ਚਰਮਰਾ ਗਿਆ ਹੈ,
ਕਿਉਂ ਛੇੜਦੀ ਸੁਰਾਂ ਫਿਰ, ਮਨ ਦੀ ਰਬਾਬ ਏਦਾਂ।

ਕੀ ਫ਼ਰਕ ਮਿਲ ਮਿਲਾ ਕੇ, ਤਿਕੜਮ ਕੋਈ ਲੜਾ ਕੇ,
ਹਥਿਆ ਲਿਆ ਜੇ ਕੋਈ, ਅਹੁਦਾ-ਖ਼ਿਤਾਬ ਏਦਾਂ।

ਐ, ਨਾ-ਖ਼ੁਦਾਓ! ਪਰਦਾ, ਇਸ ਰਾਜ਼ ਤੋਂ ਉਠਾਓ,
ਕਦ ਤੱਕ ਚੜ੍ਹੇਗਾ ਸੂਲੀ, ਅਕਸਰ ਪੰਜਾਬ ਏਦਾਂ।

ਵਕਤੀ ਗ਼ੁਬਾਰ ਕੋਈ, ਕਿੰਨੀ ਕੁ ਦੇਰ ਰੋਕੂ,
'ਹਰਚਰਨ' ਲਿਸ਼ਕਣੋਂ ਦੱਸ, ਕੋਈ ਆਫ਼ਤਾਬ ਏਦਾਂ।

•

✯

ਤੂੰ ਹੀ ਨਹੀਂ ਦੁਖੀ ਦੁਨੀਆਂ ਤੇ, ਤੂੰ ਹੀ ਨਹੀਂ ਬੇਜ਼ਾਰ।
ਉੱਚੇ ਚੜ੍ਹ ਕੇ ਦੇਖ ਜ਼ਰਾ, ਹੈ 'ਦੁਖੀਆ ਸਭ ਸੰਸਾਰ'।

ਆਪਣੇ ਗ਼ਮ ਵਿੱਚ ਮਹਿਰਮ ਦਿਲ ਦਾ, ਡੁੱਬਿਆ ਸੀ ਕੁਛ ਏਦਾਂ,
ਏਨਾ ਵੀ ਨਾ ਪੁੱਛ ਸਕਿਆ, "ਕੀ ਗੁਜ਼ਰੀ ਸਿਰ ਤੇ ਯਾਰ ? "

ਹਾਦਸਿਆਂ ਕੱਲ੍ਹ ਸਾਡੇ ਵਿਹੜੇ, ਐਸਾ ਝੁਰਮਟ ਪਾਇਆ,
ਖੁਸ਼ੀਆਂ ਨੂੰ ਕਿੰਝ ਗਲੇ ਲਗਾਉਂਦੇ, ਸੁੱਝਿਆ ਨਾ ਸਰਕਾਰ!

ਉਸ ਨੂੰ ਸਾਡੇ ਘਰ ਦੀ ਦੂਰੀ ਅਕਸਰ ਡੋਬੂ ਪਾਉਂਦੀ,
ਜਿਸ ਦੇ ਘਰ ਦੇ ਚੱਕਰ ਲਾ ਲਾ ਥੱਕਦੇ ਨੀ ਸੀ ਯਾਰ।

ਰੱਜ ਕੇ ਜੀਣ ਦੀ ਖ਼ਾਹਿਸ਼ ਭੋਰਾ ਸਾਹ-ਸਤ ਹੀਣ ਨਾ ਹੁੰਦੀ,
ਕਿੰਨੀ ਵੀ ਹੋ ਜਾਏ ਬੇਸ਼ੱਕ, ਦੁੱਖਾਂ ਦੀ ਭਰਮਾਰ।

ਮੂੰਹ ਤੇ ਬਹਿ ਬਹਿ ਪਿਆਰ ਜਤਾਈਏ, ਮਗਰੋਂ ਦਿਲੋਂ ਭੁਲਾਈਏ,
ਐਨੀ ਨਹੀਂ ਮੁਹਾਰਤ ਸਾਨੂੰ ਐਡੇ ਨੀ ਫ਼ਨਕਾਰ।

ਗਿਰਗਟ ਵਾਂਗੂੰ ਪੈਰ ਪੈਰ ਜਦ ਰੰਗ ਬਦਲਦਾ ਬੰਦਾ,
ਰੰਗ ਦਿਖਾਏ ਆਪਣਾ ਆਪਣਾ ਫ਼ਿਤਰਤ ਤੇ ਰਫ਼ਤਾਰ।

ਹੁਣ ਤਾਂ ਉਸ ਦੇ ਮੂੰਹੋਂ ਕਿਰਦੇ ਹਰਫ਼ ਦਿਸਣ ਅੰਗਾਰੇ,
ਜਿਸ ਦਾ ਇੱਕੋ ਬੋਲ ਕਦੇ ਕਰ ਜਾਂਦਾ ਸੀ ਸਰਸ਼ਾਰ।

ਕੀ ਹੋਇਆ ਦਿਲ ਸਾਫ਼ ਨਹੀਂ ਜਾਂ ਨਿੱਘ-ਪਿਆਰ ਤੋਂ ਸੱਖਣਾ,
ਉਂਜ ਤਾਂ ਕੀਲ ਕੇ ਰੱਖ ਦਿੰਦੀ ਹੈ ਰਸ-ਭਿੰਨੀ ਗੁਫ਼ਤਾਰ।

ਹੋਣੇ ਨੂੰ ਤਾਂ ਇਕ ਹੋ ਜਾਂਦੇ ਕਦ ਦੇ ਆਪਾਂ ਮਿੱਤਰਾ,
ਬਣ ਬਣ ਕੇ ਦੀਵਾਰ ਅਹੰ ਜੇ ਖੜ੍ਹਦਾ ਨਾ ਵਿਚਕਾਰ।

ਤਿਫ਼ਲ-ਤਸੱਲੀਆਂ ਦੇਣ ਲਈ ਜੁੜ ਜਾਣ ਬਿਸ਼ੱਕ ਹਜ਼ਾਰਾਂ,
ਮੁਸ਼ਕਿਲ ਹੈ ਜੇ ਮਿਲੇ ਕਿਤੋਂ 'ਹਰਚਰਨ' ਜਿਹਾ ਗ਼ਮਖ਼ਾਰ।

•

✵

ਚਾਹਤ ਦਾ  'ਗਰ ਨਾ ਹੁੰਦਾ ਅਪਮਾਨ ਇਸ ਕਦਰ।
ਰਿਸ਼ਤਾ ਕਦੇ ਨਾ ਹੁੰਦਾ, ਬੇਜ਼ਾਨ ਇਸ ਕਦਰ।

ਬੇਗਾਨਗੀ ਦਾ ਦਾਨਵ, ਇਉਂਕਰ ਨਾ ਜੇ ਚਿੜਾਉਂਦਾ,
ਉਠਦਾ ਨਾ ਅੰਦਰੋਂ ਫਿਰ, ਤੂਫ਼ਾਨ ਇਸ ਕਦਰ।

ਗ਼ਮੀਆਂ-ਉਦਾਸੀਆਂ 'ਚੋਂ, ਖ਼ੁਸ਼ੀਆਂ ਤਲਾਸ਼ਦੇ-'ਗਰ,
ਵਸਦਾ ਜਹਾਂ ਨਾ ਹੁੰਦਾ, ਵੀਰਾਨ ਇਸ ਕਦਰ।

ਉਡਦੇ ਪਰਿੰਦਿਆਂ ਦੀ, ਸੁਣਦੇ ਕਦੇ ਜੇ ਆਹਟ,
ਸੁੰਨਾ ਕਦੇ ਨਾ ਹੁੰਦਾ 'ਅਸਮਾਨ' ਇਸ ਕਦਰ।

ਮੁਸਕਾਨ ਬਣ ਕੇ ਘਰ ਦਾ ਕੋਨਾ ਹਰਿਕ ਸਜਾਉਂਦੇ,
ਕਿੱਦਾਂ ਕਿਨਾਰਾ ਕਰਦੇ, ਮਹਿਮਾਨ ਇਸ ਕਦਰ।

ਕਿੰਨੀ ਕੁ ਦੇਰ ਆਖਰ, ਗੁਲਸ਼ਨ ਰਹੂ ਸਲਾਮਤ,
ਬਰਬਾਦੀਆਂ ਦਾ ਕਰਕੇ, ਸਾਮਾਨ ਇਸ ਕਦਰ।

ਨਾ-ਅਹਿਲੀਅਤ ਦੇ ਸਦਕਾ, ਹਰ ਖ਼ਾਬ ਚਰਮਰਾਇਆ,
ਤੱਕ ਕੇ ਹਸ਼ਰ ਨਾ ਹੋਵੋ, ਹੈਰਾਨ ਇਸ ਕਦਰ।

ਨਜ਼ਰਾਂ ਚੁਰਾ ਕੇ ਸੱਚ ਤੋਂ, ਚਿਹਰਾ ਛੁਪਾ ਕੇ ਗ਼ਮ ਤੋਂ,
ਹੋਣਾ ਨਹੀਂ ਸਫ਼ਰ ਇਹ, ਆਸਾਨ ਇਸ ਕਦਰ।

ਮੌਕਾ ਸ਼ਨਾਸ ਵਾਂਗੂੰ, ਰੰਗਤ ਬਦਲ ਘੜੀ ਵਿੱਚ,
ਦੇਖੀਂ ਭੁਲਾ ਨਾ ਦੇਵੀਂ, ਅਹਿਸਾਨ ਇਸ ਕਦਰ।

•

✲

ਨਿਭੇ-ਤਾਂ-ਕਿੰਞ ਨਿਭੇ ਰਿਸ਼ਤਾ ਇਹ ਆਖਰਕਾਰ ਇਕਤਰਫ਼ਾ।
ਸਥਾਈ ਹੋ ਨਹੀਂ ਸਕਦਾ ਕਦੇ ਵੀ ਪਿਆਰ ਇਕਤਰਫ਼ਾ।

ਨਾ ਕੋਈ ਸੁਖ-ਸੁਨੇਹਾ, ਫ਼ੋਨ, ਨਾ ਖ਼ੁਦ ਆਪ ਹੀ ਆਉਨੈਂ,
ਭਲਾ ਕੀ ਗੁਲ ਖਿਲਾਏਗਾ ਇਵੇਂ ਇਜ਼ਹਾਰ ਇਕਤਰਫ਼ਾ।

ਸਦਾ ਕੋਈ-ਤਮੰਨਾ-ਨਾ ਕਦੇ ਹੁਣ ਤਾਂਘ ਮਿਲਣੇ ਦੀ,
ਕਿਵੇਂ ਦੂਰੀ ਮਿਟਾਏਗਾ ਇਉਂ ਇਸਰਾਰ ਇਕਤਰਫ਼ਾ।

ਗਿਲੇ-ਸ਼ਿਕਵੇ ਮਿਟਾ, ਸਭ ਭੁੱਲ-ਭੁਲਾ ਮਿਲਦਾ ਰਿਹਾ ਅਕਸਰ,
ਨਹੀਂ ਮੁਮਕਿਨ ਝੁਕੇ ਇਹ ਸੀਸ ਹੁਣ ਹਰ ਵਾਰ ਇਕਤਰਫ਼ਾ।

ਮਿਲਾ ਕੇ ਤਾਲ ਨਵਯੁਗ ਦਾ ਚਲੋ ਆਗਾਜ਼ ਫਿਰ ਕਰੀਏ,
ਪਰਸਪਰ ਸੂਝ ਬਿਨ ਚਲਦੇ ਨਹੀਂ ਘਰਬਾਰ ਇਕਤਰਫ਼ਾ।

ਮੈਂ ਲੱਖ ਕੋਸ਼ਿਸ਼ ਕਰਾਂ ਚਾਹਤ ਕਿਤੇ ਦਮ ਤੋੜ ਨਾ ਬੈਠੇ,
ਯਕੀਨਨ ਛਟਪਟਾਏਗਾ ਮੇਰਾ ਇਕਰਾਰ ਇਕਤਰਫਾ।

ਨਹੀਂ ਆਏ ਨਾ ਕੋਈ ਆਉਣ ਦੇ ਆਸਾਰ ਦਿਸਦੇ ਹੁਣ,
ਕਦੋਂ ਤੱਕ ਰਾਹ ਸਜਾਵਾਂਗਾ ਮੇਰੀ ਸਰਕਾਰ ਇਕਤਰਫ਼ਾ।

•

✯

ਕੁਹਰਾਮ ਇਸ ਕਦਰ ਉਹ ਅੰਦਰ ਮਚਾ ਗਿਆ ਅੱਜ।
ਇਕ ਖ਼ਾਬਗ਼ਾਹ ਨੂੰ ਪਲ ਵਿੱਚ ਖੰਡਰ ਬਣਾ ਗਿਆ ਅੱਜ।

ਹੱਸਿਆ ਉਹ ਇਸ ਤਰ੍ਹਾਂ ਕੁਛ, ਚਿੜੀਆਂ ਦਾ ਮਰਨ ਹੋਇਆ,
ਤੀਲੀ ਲਗਾ ਕੇ ਦਿਲ ਦੀ, ਦੁਨੀਆਂ ਜਲਾ ਗਿਆ ਅੱਜ।

ਧੁਖਦੀ ਸੀ ਰਾਤ ਦਿਨ ਜੋ ਕੱਖਾਂ ਦੇ ਹੇਠ ਚਿਰ ਤੋਂ,
ਆਇਆ ਹਵਾ ਦਾ ਬੁੱਲਾ, ਭਾਂਬੜ ਮਚਾ ਗਿਆ ਅੱਜ।

ਝੱਖੜ, ਤੂਫ਼ਾਨ, ਲਹਿਰਾਂ-ਕੁਛ ਕਮ ਸੀ ਇਸ ਘੜੀ ਜੋ,
ਕਰਕੇ ਸੁਰਾਖ਼, ਵੱਟੇ, ਬੇੜੀ 'ਚ ਪਾ ਗਿਆ ਅੱਜ।

ਇਹ ਸ਼ਾਇਰਾਨਾ ਦਿਲ ਤਾਂ ਛਲਣੀ ਸੀ ਇਕ ਉਮਰ ਤੋਂ,
ਕੋਈ ਬੇ-ਸ਼ਊਰ ਫਿਰ ਤੋਂ, ਨਸ਼ਤਰ ਚਲਾ ਗਿਆ ਅੱਜ।

ਚੁਣ ਚੁਣ ਕੇ ਤਿਨਕਿਆਂ ਨੂੰ ਬੁਣਿਆ ਸੀ ਜੋ ਮਸਾਂ, ਕੱਲ੍ਹ,
ਕੱਖ-ਕਾਨ ਦਾ ਬਸੇਰਾ ਪਲ ਵਿੱਚ ਜਲਾ ਗਿਆ ਅੱਜ।

ਪੱਥਰ ਉਠਾ ਕੇ ਉਸ ਨੇ, ਕੁਛ ਇਸ ਤਰ੍ਹਾਂ ਵਗ੍ਹਾਇਆ,
ਖ਼ਾਮੋਸ਼ ਪਾਣੀਆਂ ਵਿੱਚ, ਹਲਚਲ ਮਚਾ ਗਿਆ ਅੱਜ।

ਸੁਖ - ਚੈਨ - ਨੀਂਦ - ਖ਼ੁਸ਼ੀਆਂ - ਖੇੜੇ - ਹੁਸੀਨ ਮੰਜ਼ਰ,
ਕੀ ਕੁਛ ਨਹੀਂ ਜੋ ਕਮ-ਦਿਲ, ਇਕ-ਦਾਅ ਤੇ ਲਾ ਗਿਆ ਅੱਜ।

ਚਿੱਤ-ਚੇਤਿਆਂ 'ਚ ਵੀ ਨਾ, 'ਹਰਚਰਨ' ਉਸ ਦੇ ਸ਼ਾਇਦ,
ਬੇ-ਕਿਰਕ ਬੋਲ ਉਸ ਦਾ, ਕੀ ਕਹਿਰ ਢ੍ਹਾ ਗਿਆ ਅੱਜ।

•

✯

ਖ਼ਬਰੇ ਕੇਸ ਦਿਸ਼ਾ ’ਚੋਂ ਚੱਲੀ ਇਹ ਖ਼ੁਦਗ਼ਰਜ਼ ਹਵਾ।
ਗੰਧਲੀ-ਗੰਧਲੀ ਹੁੰਦੀ ਜਾਵੇ ਚਾਰੋਂ ਤਰਫ਼ ਫ਼ਿਜ਼ਾ।

ਉਹੜ ਪੁਹੜ ਲੱਖ ਕੀਤੇ-ਕੀਤੇ ਹੀਲੇ ਅਤੇ ਵਸੀਲੇ,
ਨਾ ਕੋਈ ਦਾਰੂ ਪੋਹਿਆ-ਰਾਸ ਨਾ ਆਈ ਕੋਈ ਦੁਆ।

ਪੀਰ-ਫ਼ਕੀਰ ਧਿਆਓ ਯਾ ਕੋਈ ਵੈਦ ਹਕੀਮ ਬੁਲਾਓ,
ਸ਼ਾਇਦ ਕੰਮ ਕਰ ਜਾਏ ਹੱਥਾਂ ਵਿਚਲੀ ਕੋਈ ਸ਼ਫ਼ਾ।

ਸਿੱਕੇ, ਸ਼ੋਰ-ਸ਼ਰਾਬੇ ਦੇ ਜੰਗਲ ਵਿਚ ਤੋੜ ਗਈ ਦਮ,
ਦਿਲ ਦੇ ਮਹਿਰਮ ਖ਼ਾਤਿਰ ਨਿਕਲੀ ਦਿਲ ’ਚੋਂ ਹਰਿਕ ਸਦਾ।

ਸ਼ੁਕਰਗੁਜ਼ਾਰੀ, ਨੈਤਿਕਤਾ-ਸਭ ਬੀਤੇ ਯੁਗ ਦੀਆਂ ਬਾਤਾਂ,
ਨਾ-ਸ਼ੁਕਰਾਪਨ, ਧੱਕੇਸ਼ਾਹੀ-ਬਣ ਗਏ ਖ਼ਾਸ ਅਦਾ।

ਨਿੱਕਾ-ਮੋਟਾ ਨੇਤਾ, ਨੌਕਰ-ਚਾਕਰ, ਹਾਕਮ, ਹਰ ਇਕ,
ਆਪੋ ਆਪਣੀ ਥਾਂਵੇਂ ਬੈਠਾ ਬਣ ਕੇ ਇਕ ਖ਼ੁਦਾ।

‘ਸਾਰੇ ਜਹਾਂ ਸੇ ਅੱਛਾ ਫਿਰ ਵੀ ਹਿੰਦੁਸਤਾਂ ਹਮਾਰਾ’,
ਸੁਣ ਸੁਣ ਫ਼ਿਕਰਾ ਹੁੰਦਾ ਜਾਵੇ-ਬਸ ‘ਹਰਚਰਨ’ ਫ਼ਿਦਾ।

•

✲

ਕੁਛ ਲੋਕ ਮਹਿਕ ਵੰਡਦੇ ਦੋ ਸੁਖ਼ਨ ਬੋਲ ਜਾਵਣ।
ਕੁਛ ਲੋਕ ਬੱਸ ਚੁਪਾਸੀਂ ਇਕ ਜ਼ਹਿਰ ਘੋਲ ਜਾਵਣ।

ਕਰਦੇ ਨੇ ਨਾਮ ਰੌਸ਼ਨ ਸਿਖ਼ਰਾਂ ਤੇ ਪਹੁੰਚ ਕੇ ਕੁਛ,
ਕੁਛ ਪਾਣ-ਪੱਤ ਘਰ ਦੀ ਮਿੱਟੀ ’ਚ ਰੋਲ ਜਾਵਣ।

ਕੁਛ ਰਾਜ਼ਦਾਰ ਬਣ ਕੇ ਪਾਉਂਦੇ ਨੇ ਸਾਂਝ ਦਿਲ ਦੀ,
ਦਿਲ ਦੇ ਕਰੀਬ ਕਰਕੇ, ਆਪਾ ਫ਼ਰੋਲ ਜਾਵਣ।

ਕੁਛ ਖ਼ੂਬੀਆਂ-ਅੱਛਾਈਆਂ ਨੂੰ ਦਰ-ਕਿਨਾਰ ਕਰਕੇ,
ਦੋ ਪਲ ਦੇ ਸਾਥ ’ਚੋਂ ਵੀ ਕੁਛ ਨੁਕਸ ਟੋਲ ਜਾਵਣ।

ਕਿੱਦਾਂ ਕਹਾ ਸਕਣਗੇ ਉਹ ਵਕਤ ਦੇ ਸਿਕੰਦਰ,
ਸਿਰ ਤੇ ਪਈ ਨੂੰ ਤੱਕ ਕੇ ਜੋ ਸ਼ਖ਼ਸ ਡੋਲ ਜਾਵਣ।

ਕੁਛ ਲੋਕ ਜੋ ਜਹਾਂ ਤੇ ਖ਼ੁਦ ਨੂੰ ਕਹਾਉਣ ਬੰਦੇ,
ਬੰਦਿਆਂ ’ਚ ਬੈਠ ਪਲ ਵਿੱਚ ਕਿੰਝ ਕੁਫ਼ਰ ਤੋਲ ਜਾਵਣ।

ਐਸੇ ਵੀ ਜੱਗ ਤੇ ਹੁੰਦੇ ਕੁਛ ਪੁਰਖ਼ਲੂਸ ਬੰਦੇ,
‘ਹਰਚਰਨ’ ਜੋ ਘੜੀ ਵਿੱਚ, ਸਭ ਕੁਛ ਟਟੋਲ ਜਾਵਣ।

•

✯

ਉੱਤਰ ਆਇਆ ਆਖਿਰ ਉਹ ਹੋਛੇ ਹਥਿਆਰਾਂ 'ਤੇ।
ਮਾਣ ਬੜਾ ਸੀ ਜਿਸ ਨੂੰ ਆਪਣੇ ਲੁਕਵੇਂ ਵਾਰਾਂ 'ਤੇ।

ਓਹੀ ਬਹੁਤੇ ਫਿਰਦੇ ਅੱਗੇ ਪਿੱਛੇ ਮਤਲਬ ਨੂੰ,
ਆਪਣੀ ਵਾਰੀ ਪੈ ਜਾਂਦੇ ਜੋ ਅਕਸਰ ਭਾਰਾਂ 'ਤੇ।

ਕਰੀਏ ਤਾਂ ਕਿੰਝ ਕਰੀਏ ਉਸ ਤੋਂ ਆਸ ਚੰਗੇਰੇ ਦੀ,
ਸ਼ਿਸ਼ਤਾਂ ਬੰਨ੍ਹ ਬੰਨ੍ਹ ਬਹਿੰਦਾ ਹੈ ਜੋ ਅਕਸਰ ਮਾਰਾਂ 'ਤੇ।

ਝਲਕ ਦੇਖਦੇ ਸਾਰ ਜੋ ਇਕ-ਦਮ ਮਛਲੀ ਫਾਹ ਲੈਂਦੇ,
ਅਸ਼ ਅਸ਼ ਕਰਨ ਨੂੰ ਜੀਅ ਕਰਦਾ ਐਸੇ ਫ਼ਨਕਾਰਾਂ 'ਤੇ।

ਰੂਹਾਂ ਨੂੰ ਸਰਹੱਦਾਂ ਤੇ ਉਹ ਰੋਕਣਗੇ ਕਿਸ ਹੀਲੇ,
ਟੇਕ ਜਿਨ੍ਹਾਂ ਦੀ ਹੈ ਇੱਕੋ ਕੰਡਿਆਲੀਆਂ ਤਾਰਾਂ 'ਤੇ।

ਫੇਰ ਤਹੱਈਆ ਕੀਤਾ ਹੈ ਉਸ ਪਾਸੇ ਜਾਣੇ ਦਾ,
ਫੇਰ ਭਰੋਸਾ ਕਰਨਾ ਪਊ ਜਰ ਜਰ ਪਤਵਾਰਾਂ 'ਤੇ।

ਅਪਣੀ ਹੋਣੀਂ ਆਪ ਘੜਨ ਦੀ ਹਾਲੇ ਪੁੱਗਤ ਨਹੀਂ,
ਕਰਨਾ ਪਊ ਇਤਬਾਰ ਅਜੇ ਰਹਿਬਰ ਮੱਕਾਰਾਂ 'ਤੇ।

ਰਾਮ ਰਾਜ ਦੀ ਆਸ-ਉਮੀਦ ਕਰੋਗੇ ਉਸ ਤੋਂ ਕਿੰਝ,
ਕੁਰਸੀ ਖਾਤਿਰ ਨਿਰਭਰ ਜੋ ਹੁਣ ਤੱਕ ਬਦਕਾਰਾਂ 'ਤੇ।

ਤੈਨੂੰ, ਮੈਨੂੰ, ਸਭਨਾਂ ਨੂੰ ਦਿਨ ਰਾਤ ਦੇਣ ਜੋ ਪੁੱਤਰ,
'ਹਰਚਰਨ' ਭਰੋਸਾ ਕੀ ਹੁਣ ਦੋਗਲੀਆਂ ਸਰਕਾਰਾਂ 'ਤੇ।

•

✵

ਬੁੱਲ੍ਹਾਂ ਤੇ ਕੁਛ ਹੋਰ-ਹਕੀਕਤ-ਚਿਹਰੇ ਤੇ ਕੁਛ ਹੋਰ।
ਕੀ ਕੀ ਦੰਭ ਕਰਾਏ-ਦੇਖੋ ਅੰਦਰ ਬੈਠਾ ਚੋਰ।

ਕਦਮ ਕਦਮ ਦਮ ਤੋੜ ਰਿਹਾ ਅੱਜ ਸੁਰ-ਸੰਗੀਤਕ ਵਿਰਸਾ,
ਭਾਰੂ ਹੋਇਆ ਜਦ ਤੋਂ ਏਥੇ 'ਸਭਿਆਚਾਰਕ' ਸ਼ੋਰ।

ਰਫ਼ੀ, ਮੁਕੇਸ਼, ਲਤਾ ਦੇ ਨਗ਼ਮੇ ਗਿਣਦੇ ਅੰਤਿਮ ਘੜੀਆਂ,
ਰੀਮਿਕਸਿੰਗ ਦੇ ਦੌਰ ਟਿਕਣਗੇ, ਆਖਿਰ ਕਦ ਤੱਕ ਹੋਰ।

ਦੋ-ਅਰਥੇ ਗੀਤਾਂ ਦੇ ਸਿਰਜਕ ਕਦ ਸਮਝਣਗੇ ਯਾਰੋ,
ਆਪਣੇ ਹੱਥੀਂ ਪੁੱਟਦੇ ਆਪਾਂ, ਆਪੋ ਆਪਣੀ ਗ਼ੋਰ।

ਰਾਂਝਣ ਦੇ ਵੀਰੋ! ਤੇ ਭੈਣੋਂ! ਹੀਰ ਦੀਓ ਕੁਛ ਸੋਚੋ,
ਚਕਾਚੌਂਧ ਵਿੱਚ ਕਾਹਤੋਂ ਗੁੰਮੀ ਚਿਹਰੇ ਦੀ ਲਿਸ਼ਕੋਰ।

'ਢਿੱਡ ਭਰਨਾ' ਹੀ ਜ਼ਿੰਦਗੀ ਦਾ ਜੇ ਮਕਸਦ ਹੈ ਬੱਸ ਯਾਰੋ,
ਢਿੱਡ ਤਾਂ ਬਾਖ਼ੂਬੀ ਭਰ ਲੈਂਦੇ ਅੱਜ-ਕੱਲ੍ਹ ਡੰਗਰ-ਢੋਰ।

ਇਕਸੁਰਤਾ ਦੀ ਕਰਦੇ ਹੋ ਗ਼ੈਰਾਂ ਤੋਂ ਕਿਵੇਂ ਤਵੱਕੋ,
ਹਾਲੇ ਤੀਕਰ ਜਾਂਦਾ ਨਹੀਂ ਜੇ ਆਪਣੇ ਦਿਲ 'ਚੋਂ ਖ਼ੋਰ।

ਤੇਰਾ ਕੀ ਹੈ! 'ਤੂੰ ਕਠਪੁਤਲੀ', ਜਿਵੇਂ ਨਚਾਏ, ਨੱਚੇਂ,
ਇਕ ਉਮਰ ਤੋਂ 'ਸੱਜਣਾ' ਤੇਰੀ, 'ਮਾਲਕ' ਦੇ ਹੱਥ ਡੋਰ।

ਖ਼ਬਰ ਨਹੀਂ ਕੀ ਮੰਜ਼ਿਲ, ਪਤਾ-ਟਿਕਾਣਾ, ਕਿੱਥੇ ਜਾਣਾ?
ਅੰਧਕਾਰ ਵਿੱਚ ਤੁਰਿਆ ਬੰਦਾ, ਬਹਿਕੀ ਬਹਿਕੀ ਤੋਰ।

ਮਾਂ-ਪਿਓ ਦੀ ਪਰਵਾਹ ਨਾ ਜਿਸ ਨੂੰ ਸੰਗ-ਸ਼ਰਮ ਹੁਣ ਅੱਖ ਦੀ,
ਉਸ ਤੇ ਕਾਹਦਾ ਮਾਣ ਕਿਸੇ ਦਾ ਕਾਹਦਾ ਉਸ 'ਤੇ ਜ਼ੋਰ।

ਬਾਹਰੋਂ ਬਾਹਰੋਂ ਦਿਸਦਾ ਹੈ ਜੋ ਸਾਲਮ ਅਤੇ ਸਬੂਤਾ,
ਉਹ ਬੰਦਾ 'ਹਰਚਰਨ' ਕਿਤੋਂ ਧੁਰ ਅੰਦਰੋਂ ਹੈ ਕਮਜ਼ੋਰ।

•

✵

ਸਦੀਆਂ ਦੀ ਉਸ ਸਾਂਝ ਤੇ, ਜੇ ਕੁਛ ਕਰਦੇ ਗ਼ੌਰ।
ਐਨਾ ਨਹੀਂ ਸੀ ਫ਼ਾਸਲਾ, ਅੰਮ੍ਰਿਤਸਰੋਂ-ਲਾਹੌਰ।

ਪੰਜ-ਆਬ ਦੀ ਧਰਤ ਤੇ, ਉਹ ਵੀ ਸੀ ਇਕ ਦੌਰ।
ਕੁਰਸੀ ਦੀ ਥਾਂ ਕੀਮਤਾਂ-ਕਦਰਾਂ ਸੀ ਸਿਰਮੌਰ।

ਬਦਲੇ ਨਹੀਂ ਸੀ ਜਦ ਤਲਕ, ਅਜੇ ਸਿਆਸੀ ਤੌਰ।
ਧੜਕਣ ਸੀ ਪੰਜਾਬ ਦੀ ਤਦ ਤੱਕ ਸ਼ਹਿਰ ਲਾਹੌਰ।

ਦਿੱਲੀ-ਦੱਖਣ ਗਾਹ ਦਿਓ ਜਾਂ ਫਿਰ ਲਉ ਕਿਤੇ ਪਿਸ਼ੌਰ।
'ਜੰਮਿਆਂ ਨਹੀਂ' ਸਭ ਆਖਦੇ, 'ਜਿਸ ਤੱਕਿਆ ਨਹੀਂ ਲਾਹੌਰ'।

ਤਾਂਘ ਦੁਵੱਲਿਉਂ ਉੱਠਦੀ, ਨੀਅਤ ਹੁੰਦੀ ਸਾਫ਼,
ਪਲਕ ਝਪਕਦੇ ਆਪਣੇ, ਕਾਰਜ ਜਾਂਦੇ ਸੌਰ।

ਗਰਦ-ਗੁਬਾਰ 'ਚ ਮਿਲਦਿਆਂ ਗਰਦ ਗੁਬਾਰ ਗਏ ਹੋ,
ਝੁਲਦੇ ਸੀ ਇਕ ਉਮਰ ਤੋਂ ਸਿਰੀਂ ਜਿਨ੍ਹਾਂ ਦੇ ਚੌਰ।

ਉਸ ਮਿੱਟੀ 'ਚੋਂ ਆ ਰਹੀ ਫਿਰ ਮਹਿਰਮ ਦੀ ਕਨਸੋਅ,
ਜਿਸ ਮਿੱਟੀ ਦੇ ਮਾਨ ਨੀ, ਮਿੱਤਰੋ! ਚਿੜੀ ਜਨੌਰ।

ਜਿਉਂ ਜਿਉਂ ਸ਼ੁਹਰਤ ਦੀ ਸਿਖ਼ਰ ਆਉਂਦੀ ਜਾਏ ਕਰੀਬ,
ਤਿਉਂ ਤਿਉਂ ਬਦਲੀ ਜਾ ਰਹੇ, ਬੰਦੇ ਦੇ ਅੱਜ ਤੌਰ।

•

✯

ਇਰਾਦਾ ਓਸਦਾ ਜੇ ਇਸ ਕਦਰ ਨਾ-ਪਾਕ ਨਾ ਹੁੰਦਾ।
ਤਾਂ ਰਿਸ਼ਤਾ ਖ਼ੂਬਸੂਰਤ ਫਿਰ, ਦਿਨਾਂ ਵਿੱਚ ਖ਼ਾਕ ਨਾ ਹੁੰਦਾ।

ਅਸਾਡੀ 'ਜੀ-ਹਜ਼ੂਰੀ' ਤੇ ਜ਼ਰਾ ਵੀ ਹਰਫ਼ ਨਾ ਆਉਂਦਾ,
ਜੇ ਸ਼ਾਇਰ-ਮਨ ਕਦੇ ਆਪਣਾ ਇਵੇਂ ਬੇਬਾਕ ਨਾ ਹੁੰਦਾ।

ਬਸੇਰਾ ਤਿਨਕਿਆਂ ਅੰਦਰ ਕਦੋਂ ਦਾ ਵਟ ਵਟਾ ਜਾਂਦਾ,
ਜੇ ਆਪਸ ਵਿੱਚ ਪਰਿੰਦਿਆਂ ਦਾ ਕਦੇ ਇਤਫ਼ਾਕ ਨਾ ਹੁੰਦਾ।

ਕਦੇ ਕੀਤੀ ਕਿਸੇ ਦੀ ਦੋ ਘੜੀ ਵੀ ਯਾਦ ਜੇ ਰੱਖਦਾ,
ਤਾਂ ਹਰ ਰਿਸ਼ਤਾ ਤਿਰੇ ਲਈ ਫਿਰ, ਨਿਰਾ ਮੱਜ਼ਾਕ ਨਾ ਹੁੰਦਾ।

ਦਿਲਾਂ ਦੀ ਸਾਂਝ ਤੋਂ ਪਹਿਲਾਂ ਜੇ ਦਿਲ ਦੇ ਪਾਰ ਤੱਕ ਲੈਂਦੇ,
ਅਸਾਡੇ ਦਰਮਿਆਂ ਹਰਗਿਜ਼ ਕਦੇ ਕੋਈ ਸਾਕ ਨਾ ਹੁੰਦਾ।

ਖ਼ੁਦਾ ਬਣਕੇ 'ਖ਼ੁਦਾਈ' ਤੇ ਨਿਰੰਕੁਸ਼ ਰਾਜ ਕਰ ਲੈਂਦਾ,
'ਖ਼ੁਦਾਈ' ਦੇ ਸਿਰਾਂ ਤੇ, ਜੇ ਕਿਤੇ ਰੱਜ਼ਾਕ ਨਾ ਹੁੰਦਾ।

ਤਿਰਾ ਫ਼ਤਵਾ ਤਿਰਾ ਹਰ ਫ਼ੈਸਲਾ ਸਵੀਕਾਰ ਕਰ ਲੈਂਦੇ,
ਤਿਰੇ ਅੰਦਰ ਕਿਤੇ ਬੈਠਾ ਉਹ ਬਦ-ਇਖ਼ਲਾਕ ਨਾ ਹੁੰਦਾ।

ਤਿਰੀ ਕਥਨੀ ਤੇ ਕਰਨੀ ਵਿੱਚ ਅਗਰ ਇਕਸਾਰਤਾ ਹੁੰਦੀ,
ਤਾਂ ਹਰ ਚਿਹਰਾ ਤਿਰੀ ਪਰਜਾ ਦਾ ਫਿਰ ਗ਼ਮਨਾਕ ਨਾ ਹੁੰਦਾ।

ਤੂਫ਼ਾਨੀ ਸਾਗਰਾਂ ਵਿੱਚ ਘਿਰ ਕਦੋਂ ਦਾ ਡੋਲ ਜਾਂਦਾ, ਜੇ,
ਕਿਤੇ 'ਹਰਚਰਨ' ਅੰਦਰ ਜੂਝਦਾ ਤੈਰਾਕ ਨਾ ਹੁੰਦਾ।

•

✵

ਹੋਈ ਹੈ ਅੱਜ ਨੁਮਾਇਆ, ਇਹ ਖ਼ਬਰ ਤਾਜ਼ੀ ਤਾਜ਼ੀ।
ਐਵੇਂ ਨਾ ਮਾਰ ਜਾਵਣ, 'ਦੁਸ਼ਮਣ' ਕਿਤੇ ਇਹ ਬਾਜ਼ੀ।

ਵਣ ਵਣ ਦੀ ਲੱਕੜੀ ਦਾ, ਬਣਿਆ ਪਲੇਟ ਫ਼ਾਰਮ,
ਖੁੱਲ੍ਹ ਕੇ ਕਰਾਂਗੇ ਇਸ ਤੇ, ਅੱਜ ਤੋਂ ਬਿਆਨ-ਬਾਜ਼ੀ।

ਸੁਣਦਾ ਸੁਣੇ ਜਾਂ ਕੋਈ ਪੜ੍ਹਦਾ ਪੜ੍ਹੇ ਨਾ ਬੇਸ਼ੱਕ,
ਮਿੱਤਰੋ! ਕਰਾਂਗੇ ਰਾਂਝਾ, ਦਿਲ ਆਪਣੇ ਦਾ ਰਾਜ਼ੀ।

ਰਲ ਮਿਲ ਕੇ ਮੂੰਗ ਦਲਣੀ, ਹਿੱਕ ਤੇ ਸ਼ਰੀਕ ਬਣਕੇ,
ਕੀ ਫ਼ਰਕ ਜੇ ਮਸਾਂ ਅੱਜ, 'ਢਾਈ ਟੋਟਰੂ' ਹੀ ਰਾਜ਼ੀ।

ਧੁੱਪਾਂ 'ਚ ਉਡ ਸਕੇ ਨਾ, ਵਰਖ਼ਾ 'ਚ ਖ਼ੁਰ ਸਕੇ ਨਾ,
ਐਸੀ ਕਰਾਂਗੇ ਦਿਲ ਦੇ ਕੈਨਵਸ ਤੇ ਰੰਗ-ਸਾਜ਼ੀ।

ਕਵਿਤਾ ਦਾ ਘਰ ਸਜਾ ਕੇ, 'ਅਦਬੀ ਮੀਆਂ' ਬੁਲਾ ਕੇ,
'ਐਸਾ ਨਿਕਾਹ ਪੜ੍ਹਾਂਗੇ', ਕੁਛ ਕਰ ਸਕੂ ਨਾ ਕਾਜ਼ੀ।

ਚੀਚੀ ਨੂੰ ਖ਼ੂਨ ਲਾ ਕੇ, 'ਮਰਜੀਵੜੇ' ਕਹਾ ਕੇ,
ਸਾਹਿਤਕ ਮੈਦਾਨ ਅੰਦਰ, ਬਣ ਕੇ ਤੁਰਾਂਗੇ 'ਗਾਜ਼ੀ'।

ਜੇ ਨਾਮ ਹੈ ਛੁਟੇਰੇ, 'ਤੁਕ-ਬੰਦ' ਤਾਂ ਹਾਂ ਚੰਗੇਰੇ,
ਸਭ ਚੁੱਕ ਦਿਆਂਗੇ ਕਮੀਆਂ, ਕਰਕੇ ਲਿਫ਼ਾਫ਼ੇ-ਬਾਜ਼ੀ।

ਕੀ ਫ਼ਰਕ ਲੋਕ ਜੇਕਰ, 'ਹਰਚਰਨ' ਕਹਿਣ ਏਦਾਂ,
'ਇਕ ਦੂਸਰੇ ਤੋਂ ਵਧ ਚੜ੍ਹ, ਸਭ ਮਿਲ ਗਏ ਨੇ ਪਾਜ਼ੀ'।

•

✯

ਭਾਰੂ ਹੋਇਆ ਜਦ ਤੋਂ ਏਥੇ ਖ਼ਪਤ ਸੱਭਿਆਚਾਰ।
ਸਣੇ ਜ਼ਮੀਰ ਵਿਕਾਊ ਹੋਈ, ਹਰ ਸ਼ੈਅ ਵਿੱਚ ਬਾਜ਼ਾਰ।

ਕੋਠੀ, ਕਾਰ, ਸਟੇਟਸ ਖਾਤਿਰ ਵਿਕ ਜਾਂਦਾ ਹੈ ਬੰਦਾ,
ਮੈਰਿਜ਼ ਦੀ ਮੰਡੀ ਜਦ ਪੈਂਦੀ, ਕੀਮਤ ਛਿੱਲੜ ਚਾਰ।

ਮਲਿਕਾ, ਮਮਤਾ ਅਤੇ ਵਿਪਾਸ਼ਾ ਸੁਪਨਾ ਹੈ ਹੁਣ ਉਸ ਦਾ,
ਸਤੀ-ਸਵਿੱਤਰੀ ਬਣਨਾ ਜਿਸ ਨੂੰ ਕੱਲ੍ਹ ਤੱਕ ਸੀ ਸਵੀਕਾਰ।

ਸੰਗ ਸ਼ਰਮ ਦੀ ਮੂਰਤ ਸੀ ਜੋ ਸਿਰ ਤੋਂ ਪੈਰਾਂ ਤੀਕਰ,
ਇਸ਼ਤਿਹਾਰ ਦੀ ਵਸਤੂ ਬਣਕੇ ਰਹਿ ਗਈ ਉਹ ਮੁਟਿਆਰ।

ਬੱਚੇ, ਬੁੱਢੇ, ਅਧਖੜ, ਗੱਭਰੂ, ਵਾਹੋ ਦਾਹੀ ਭੱਜਣ,
ਪੁੱਜਣਾ ਚਾਹੁੰਦੇ ਸਾਹੋ-ਸਾਹੀ ਕਿੱਥੇ ਆਖਰਕਾਰ।

'ਚਾਰ ਦੀਵਾਰੀ' 'ਚੋਂ ਨਿਕਲੀ ਸੀ ਜਿਹੜੀ ਦੁਨੀਆਂ ਜਿੱਤਣ,
ਟੀ.ਵੀ. ਦੇ ਪਰਦੇ ਤੇ ਬੈਠੀ ਮਨ ਦੇ ਹੱਥੋਂ ਹਾਰ।

ਤੁਰਿਆ ਸੀ ਜੋ ਲੈਣ ਕਲਾਵੇ-ਧਰਤੀ-ਅੰਬਰ-ਦੋਵੇਂ,
ਉਸ ਬੰਦੇ ਨੂੰ ਹੋਂਦ ਬਚਾਉਣੀ ਹੋਈ ਅੱਜ ਦੁਸ਼ਵਾਰ।

ਚਕਾਚੌਂਧ ਵਿੱਚ ਨੱਚ ਨੱਚ ਕੱਲ੍ਹ ਤੱਕ ਹੋਇਆ ਸੀ ਜੋ ਬਉਰਾ,
ਅੱਖ ਖੁੱਲ੍ਹੀ ਤਾਂ ਲੱਗਿਆ ਉਸ ਨੂੰ, ਇਹ ਜੀਵਨ ਇਕ ਭਾਰ।

ਕਿੰਨਾ ਦਿਲਕਸ਼! ਕਿੰਨਾ ਮਨਮੋਹਕ! ਇਸ ਦੌਰ ਦਾ ਜੀਵਨ,
ਸਾਇਨਾਇਡ ਦੇ ਜ਼ਾਇਕੇ ਦਾ ਹੁਣ ਕਿੰਝ ਹੋਵੇ ਇਜ਼ਹਾਰ।

•

✱

ਸੁੰਨਸਾਨ ਹੈ ਚੁਫੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।
ਗਹਿਰਾ ਰਿਹਾ ਹਨੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਡਰ, ਸ਼ੱਕ, ਅੰਦੇਸ਼ਿਆਂ ਨੇ ਖੱਲ-ਖੂੰਜਿਆਂ 'ਚ ਦਿਲ ਦੇ,
ਲਾਇਆ ਹੈ ਫੇਰ ਡੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਹਾਸੇ, ਮਜ਼ਾਕ, ਖੁਸ਼ੀਆਂ, ਸੁਖ-ਚੈਨ ਲਾ-ਪਤਾ ਸਭ,
ਪਾਉਂਦੇ ਨਾ ਭੁੱਲ ਕੇ ਫੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਮੁਕਦੀ ਨਹੀਂ ਮੁਕਾਇਆਂ, ਫ਼ਿਕਰਾਂ ਦੀ ਰਾਤ ਲੰਮੀ,
ਹੋਏਗਾ ਕਿੰਝ ਸਵੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਸੰਤਾਪ ਬੇ-ਰੁਖ਼ੀ ਦਾ, ਸਦਮਾ ਅਲਹਿਦਗੀ ਦਾ,
ਹੰਢਾ ਲਿਆ ਬਥੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਅੰਦਾਜ਼ ਜ਼ਿੰਦਗੀ ਦਾ, ਦਸਤੂਰ ਬੰਦਗੀ ਦਾ,
ਸਿਖਲਾਏ ਕੌਣ ਤੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

ਦਿਲ ਦੇ ਸਕੂਨ ਖਾਤਿਰ, ਦਿਨ ਰਾਤ ਭਟਕਦਾ ਹੈ,
'ਹਰਚਰਨ' ਦੇਖ ਤੇਰਾ, ਤੇਰੇ ਬਗ਼ੈਰ ਅੱਜ ਕੱਲ੍ਹ।

•

✯

ਰੱਖਣਾ ਹੈ ਜੇ ਸਲਾਮਤ, ਇਤਬਾਰ-ਯਾਦ ਰੱਖੀਂ।
ਕੀਤੇ ਸੀ ਜੋ ਦਿਲਾਂ ਨੇ, ਇਕਰਾਰ-ਯਾਦ ਰੱਖੀਂ।

ਖ਼ਾਬਾਂ ਦਾ ਮਹਿਲ ਨਿਸ-ਦਿਨ, ਇਉਂ ਤਿੜਕਦਾ ਰਿਹਾ ਜੇ,
ਟੁੱਟਣ ਦੇ ਬਣ ਨਾ ਜਾਵਣ, ਆਸਾਰ-ਯਾਦ ਰੱਖੀਂ।

ਦੁਸ਼ਮਣ ਤਾਂ ਸ਼ਿਸ਼ਤ ਬੰਨ੍ਹ ਬੰਨ੍ਹ-ਮੌਕੇ ਤਲਾਸ਼ਦਾ ਨਿੱਤ,
ਭੁੱਲ ਕੇ ਵੀ ਬਣ ਨਾ ਬੈਠੀਂ, ਹਥਿਆਰ-ਯਾਦ ਰੱਖੀਂ।

ਗ਼ੈਰਾਂ ਦੀ ਚਾਲ ਕੋਝੀ, ਹਰਗਿਜ਼ ਨਾ ਕਰ ਦਵੇ, ਅੱਜ,
ਵਿਸ਼ਵਾਸ ਦੀ ਇਮਾਰਤ, ਮਿਸਮਾਰ-ਯਾਦ ਰੱਖੀਂ।

ਮੰਡਰਾ ਰਹੇ ਨੇ ਬੇਸ਼ੱਕ, ਹਮਦਰਦ ਲੱਖ ਚੁਫ਼ੇਰੇ,
ਮੁੱਦਤ ਦੇ ਬਾਅਦ ਮਿਲਦਾ, ਗ਼ਮਖ਼ਾਰ-ਯਾਦ ਰੱਖੀਂ।

ਚਿਹਰੇ ਤੇ ਚਿਹਰਾ ਲਾ ਲਾ, ਚਾਹਤ ਜਤਾਉਣ ਵਾਲੇ,
ਹਰ ਪੈਰ ਤੇ ਮਿਲਣਗੇ, ਮੱਕਾਰ-ਯਾਦ ਰੱਖੀਂ।

ਗਹਿਣੇ ਦੀ ਪੁਖ਼ਤਗੀ ਲਈ, ਜਿਉਂ ਖੋਟ ਹੈ ਜ਼ਰੂਰੀ,
ਰਿਸ਼ਤੇ ਦੀ ਪੁਖ਼ਤਗੀ ਲਈ, ਤਕਰਾਰ-ਯਾਦ ਰੱਖੀਂ।

ਛੱਲਾਂ-ਥਪੇੜਿਆਂ ਹੀ ਲਾਉਣੀ ਹੈ ਅੰਤ ਇਕ ਦਿਨ,
ਚਾਹਤ ਦੀ ਨਾਵ ਆਪਣੀ, ਫਿਰ ਪਾਰ-ਯਾਦ ਰੱਖੀਂ।

ਦੇਖੀਂ ਨਾ ਤੋੜ ਜਾਵੇ, ਦਮ ਬੇਰੁਖੀ ਦੇ ਸਦਕਾ,
'ਹਰਚਰਨ' ਵਿਚਲਾ ਸ਼ਾਇਰ-ਫ਼ਨਕਾਰ-ਯਾਦ ਰੱਖੀਂ।

•

✯

ਕਿੱਸੇ ਮੁਕੱਦਰਾਂ ਦੇ ਕਦ ਤੀਕ ਦੱਸ ਘੜੇਂਗਾ?
ਲਿਖਿਆ ਦੀਵਾਰ ਉੱਪਰ, ਆਖਰ ਕਦੋਂ ਪੜ੍ਹੇਂਗਾ?

ਕਰਨਾ ਪਵੇਗਾ ਖ਼ੁਦ ਵੀ ਹੀਲਾ ਵਸੀਲਾ ਕੋਈ,
ਇਲਜ਼ਾਮ ਹਰਿਕ ਕਿੱਦਾਂ ਤਕਦੀਰ ਸਿਰ ਮੜ੍ਹੇਂਗਾ?

ਦਿਨ ਰਾਤ ਕਰ ਰਿਹਾ ਇਕ ਨਿੱਜੀ ਮੁਫ਼ਾਦ ਖ਼ਾਤਿਰ,
ਲੋਕਾਂ ਦੇ ਰਹਿਬਰਾ ਕਦ, ਲੋਕਾਂ ਲਈ ਲੜੇਂਗਾ?

ਮੂੰਹ ਤੇ ਇਹ ਗਾਏ ਸੋਹਿਲੇ, ਪਿੱਠ ਤੇ ਸੁਣਾਏ ਸੋਹਿਲੇ,
ਦੁਨੀਆਂ ਦੁਵੱਲੀ ਦਾਤੀ, ਕਿਸ ਕਿਸ ਦਾ ਮੂੰਹ ਫੜੇਂਗਾ?

ਸਾਊਪੁਣੇ ਦਾ ਪਰਦਾ ਉੱਠ ਕੇ ਰਹੇਗਾ ਇਕ ਦਿਨ,
ਝੂਠੇ ਅਹੰ ਦੀ ਖ਼ਾਤਿਰ, ਜੇ ਇਸ ਤਰ੍ਹਾਂ ਅੜੇਂਗਾ?

ਇਕ ਹਮਸਫ਼ਰ ਦੇ ਦਿਲ ਦੀ ਜਦ ਵੇਦਨਾ ਨਾ ਜਾਣੀ,
ਦੁਨੀਆਂ ਦਾ ਦਰਦ ਗ਼ਮ ਫਿਰ ਕੀ ਖ਼ਾਕ ਦੱਸ ਪੜ੍ਹੇਂਗਾ?

ਹੋ ਕੇ ਰਹੇਗਾ ਇਕ ਦਿਨ ਕਾਫ਼ੂਰ ਚੈਨ ਮਨ ਦਾ,
ਦੂਜੇ ਦੀ ਚੜ੍ਹਤ ਤੱਕ ਕੇ ਜੇ ਇਸ ਤਰ੍ਹਾਂ ਸੜੇਂਗਾ!

ਕਿੱਦਾਂ ਕੋਈ ਭਰੇਗਾ ਮੁਸ਼ਕਿਲ ਸਮੇਂ ਹੁੰਗਾਰਾ,
ਗ਼ੈਰਾਂ ਦੇ ਦਰਦ-ਗ਼ਮ ਵਿੱਚ ਜਦ ਤੀਕ ਨਾ ਖੜ੍ਹੇਂਗਾ!

'ਹਰਚਰਨ' ਲੋਕ-ਲੱਜ ਦਾ ਹਊਆ ਵਿਸਾਰ ਮਨ 'ਚੋਂ,
ਖੱਲ-ਖੂੰਜਿਆਂ 'ਚ ਡਰ ਡਰ ਕਿੰਨਾ ਕੁ ਚਿਰ ਵੜੇਂਗਾ?

•

✯

ਚਾਹ ਕੇ ਵੀ ਕੱਢ ਸਕੀ ਨਾ ਯਾਰੋ ਭੜਾਸ ਦਿਲ ਦੀ।
ਮੇਰੀ ਗ਼ਜ਼ਲ ਤਾਂ ਪਾਉਂਦੀ ਹੈ ਬਾਤ-ਖ਼ਾਸ ਦਿਲ ਦੀ।

ਸ਼ਿਅਰਾਂ ਦੀ ਆੜ ਲੈ ਲੈ ਕਰਦੈਂ ਬਿਆਨਬਾਜ਼ੀ,
ਤਸਵੀਰ ਝਲਕਦੀ ਹੈ ਵਿੱਚੋਂ ਨਿਰਾਸ ਦਿਲ ਦੀ।

ਉੱਤੋਂ ਸਦਾ ਲਗਾਉਨੈਂ, ਅੰਦਰੋਂ ਖ਼ੁਰਾ ਮਿਟਾਉਨੈਂ,
ਕਰਦੈਂ ਕਿਵੇਂ ਤਵੱਕੋ, ਮਿਟ ਜਾਇ ਪਿਆਸ ਦਿਲ ਦੀ।

ਇਲਜ਼ਾਮ ਖ਼ੁਦ ਲਗੌਨੈਂ, ਫਿਰ ਸ਼ੋਰ ਵੀ ਮਚਾਉਨੈਂ,
ਰਲਦੀ ਤਾਂ ਕਿੰਝ ਰਲਦੀ, ਸੱਜਣਾ! ਫੇ’ ਰਾਸ ਦਿਲ ਦੀ।

ਮਤਲਬ ਨਿਕਲਦਿਆਂ ਹੀ ਪਲਕਾਂ ਤੋਂ ਝੱਟ ਗਿਰਾਏ,
ਫ਼ਿਤਰਤ ਅਜੀਬ ਦੇਖੀ, ਮੌਕਾ ਸ਼ਨਾਸ ਦਿਲ ਦੀ।

ਕੋਸ਼ਿਸ਼ ਹਜ਼ਾਰ ਕਰ ਲੈ, ਰਚ ਲੈ ਤੂੰ ਲੱਖ ਅਡੰਬਰ,
ਲੁਕਣੀ ਨਹੀਂ ਲੁਕਾਇਆਂ, ਹਾਲਤ ਉਦਾਸ ਦਿਲ ਦੀ।

‘ਗਿਣ ਗਿਣ ਕੇ ਨਕਸ਼ ਇਕ ਦਿਨ, ‘ਹਰਚਰਨ’ ਦਾ ਮਿਟਾਉਣਾ’,
ਹੈ ਆਰਜ਼ੂ ਇਹੀ ਹੁਣ, ਇੱਕੋ ਹੈ ਆਸ ਦਿਲ ਦੀ।

•

✴

ਕਿਸਮਤ ਨਾ ਕੋਸ ਹਰ ਘੜੀ, ਅੰਦਰ ਵੀ ਝਾਤ ਮਾਰ।
ਬੀਤੇ ਸਮੇਂ ਦਾ ਸੱਚ ਹਰਿਕ, ਬੈਠ ਕੇ ਨਿਤਾਰ।

ਆਪਣੀ ਅਕਲ-ਅਹੰ ਦੇ, ਘੋੜੇ ਤੇ ਹੋ ਸਵਾਰ।
ਦਾਨਿਸ਼ਵਰਾਂ ਦਾ ਇਸ ਕਦਰ, ਨਾ ਮਸ਼ਵਰਾ ਨਕਾਰ।

'ਡਿਗਦੇ ਨੇ ਸ਼ਾਹ ਸਵਾਰ ਹੀ, ਮੈਦਾਨੇ ਜੰਗ ਵਿੱਚ',
ਉੱਠ, ਜਾਗ, ਫੇਰ ਕਮਰਕੱਸ, ਹਿੰਮਤ ਨਾ ਇੰਜ ਹਾਰ।

ਹੱਥਾਂ ਤੇ ਧਰ ਕੇ ਹੱਥ ਅਗਰ, ਬੈਠੇ ਰਹੇ ਹਜ਼ੂਰ,
ਹੋਊ ਤਾਂ ਹੋਊ ਕਿਸ ਤਰ੍ਹਾਂ, ਕਿਸ਼ਤੀ ਭੰਵਰ ਤੋਂ ਪਾਰ।

ਡਿਗਦਾ ਨਾ ਡੋਲਦਾ ਅਗਰ, ਸਰ ਕਰਦਿਆਂ ਸਫ਼ਰ,
ਜ਼ਿੰਦਾਦਿਲਾਂ 'ਚ ਹੋਂਵਦਾ, ਤੇਰਾ ਵੀ ਨਾਂ ਸ਼ੁਮਾਰ।

ਵਧਦੇ ਰਹਾਂਗੇ ਸਾਥੀਓ! ਮੰਜ਼ਿਲ ਤਰਫ਼ ਹਮੇਸ਼,
ਆਏ ਤਾਂ ਆਏ ਤੁਰਦਿਆਂ, ਮੁਸ਼ਕਿਲ ਬਿਸ਼ੱਕ ਹਜ਼ਾਰ।

ਬੇਸ਼ੱਕ ਸੀ ਹਮਕਦਮ ਸਦਾ, ਯਾਦਾਂ ਦਾ ਸਿਲਸਿਲਾ,
ਆਉਂਦਾ ਤਾਂ ਆਉਂਦਾ ਕਿਸ ਤਰ੍ਹਾਂ, ਤੇਰੇ ਬਿਨਾਂ ਕਰਾਰ।

ਝੱਖੜ-ਤੂਫ਼ਾਨ ਦੇਖ ਕੇ, ਐਵੇਂ ਨਾ ਤਿਲਮਿਲਾ,
ਹੋਏਗਾ ਇਕ ਦਿਨ ਲਾਜ਼ਮੀ, ਮੌਸਮ ਇਹ ਖ਼ੁਸ਼ਗਵਾਰ।

ਘੋੜੇ-ਗਧੇ ਦੇ ਫ਼ਰਕ ਦਾ, ਹੁੰਦਾ ਇਲਮ ਜ਼ਰੂਰ,
ਚੜ੍ਹਦਾ ਨਾ ਸਿਰ ਨੂੰ ਦੋਸਤਾ, ਦੌਲਤ ਦਾ ਜੇ ਖ਼ੁਮਾਰ।

ਸੀਰਤ ਬਿਆਨ ਦਿਲ ਦੀ, ਸੂਰਤ ਕਦੇ ਨਾ ਕਰਦੀ,
ਖਾਂਦਾ ਨਾ ਜੇਕਰ ਹਰ ਕਦਮ, ਬਣ ਬਣ ਰਕੀਬ ਖ਼ਾਰ।

ਗਿਰਗਟ ਦੇ ਵਾਂਗ ਥਾਂ-ਕੁ-ਥਾਂ, ਰੰਗਤ ਨਾ ਬਦਲਦਾ,
ਹੁੰਦਾ ਪਰ੍ਹੇ 'ਚ ਦੋਸਤਾ, ਤੇਰਾ ਵੀ ਏਤਬਾਰ।

•

✯

ਇੰਝ ਬੇਰੁਖ਼ੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।
ਬੇਗਾਨਗੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।

ਦਿਲ ਦੀ ਵਿਸ਼ਾਲਤਾ ਦੇ ਕਿੱਸੇ ਸੁਣਾਉਣ ਵਾਲੇ,
ਇਸ ਤੰਗਦਿਲੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।

ਜ਼ਿੰਦਾਦਿਲੀ ਦੇ ਨਗ਼ਮੇ ਦਿਨ ਰਾਤ ਗਾਉਣ ਵਾਲੇ,
ਇਸ ਬੇਦਿਲੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।

ਸੰਜੀਦਗੀ-ਨਫ਼ਾਸਤ ਦੀ ਬਾਤ ਪਾਉਣ ਵਾਲੇ,
ਇਸ ਦਿਲਲਗੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।

ਖੱਲ੍ਹ-ਖੂੰਜਿਆਂ ’ਚ ਵੜ ਵੜ, ਆਪਾ ਲੁਕਾਉਣ ਵਾਲੇ,
ਇਸ ਜ਼ਿੰਦਗੀ ਦੀ ਹਰਗਿਜ਼, ਤੈਥੋਂ ਉਮੀਦ ਨਾ ਸੀ।

•

✡

ਮੰਦਿਰ, ਮਸਜਿਦ, ਗੁਰੂਦੁਆਰੇ ਕਿੱਦਾਂ ਮਿਲੇ ਸਕੂਨ।
ਮਨ ਦੀ ਬਸਤੀ ਚੱਲਦੇ ਅੱਜ ਕੱਲ੍ਹ ਫ਼ਿਰਕੂ ਨੇਮ-ਕਾਨੂੰਨ।

ਬਾਈਬਲ, ਵੇਦ, ਕੁਰਾਨ, ਕਤੇਬਾਂ, ਫੋਲਣ ਤੋਂ ਕੁਝ ਪਹਿਲਾਂ,
ਕਾਸ਼! ਦਿਲਾਂ ਦੀ ਪੁਸਤਕ ਦਾ, ਤੂੰ ਪੜ੍ਹ ਲੈਂਦਾ ਮਜ਼ਬੂਨ।

ਖ਼ੂਨ-ਖ਼ੂਨ ਦਾ ਰੌਲਾ-ਰੱਪਾ ਪਾਉਂਦੇ ਜਿਹੜੇ ਹਰਦਮ,
ਪਾਣੀ ਵਾਂਗ ਵਹਾਉਂਦੇ ਉਹ ਹੀ, ਮਾਨਵਤਾ ਦਾ ਖ਼ੂਨ।

ਪੂਰਬ-ਪੱਛਮ ਉੱਤਰ-ਦੱਖਣ, ਹਰ ਨੁੱਕਰ, ਹਰ ਕੋਨੇ,
ਖੁੰਬਾਂ ਵਾਂਗੂੰ ਉਗਦਾ ਜਾਵੇ ਚਾਰੋਂ ਤਰਫ਼ ਜ਼ਨੂੰਨ।

ਪੜ੍ਹਿਆਂ-ਲਿਖਿਆਂ ਦੀ ਨਗਰੀ ਵਿੱਚ ਭੁੱਲ-ਭੁਲੇਖੇ ਆ ਕੇ,
ਸਹਿਮ ਸਹਿਮ ਕੇ ਚੁੰਗੀਆਂ ਭਰਦੀ ਜੰਗਲ ਦੀ ਇਕ ਮੂਨ।

ਬੈਠਣ ਨੂੰ ਤਾਂ ਬਹਿਣਾ ਚਾਹੇ ਟਿਕ ਕੇ ਕੁਛ ਪਲ ਬੰਦਾ,
ਰਾਤ ਦਿਨੇ ਪਰ ਖੌਰੂ ਪਾਉਂਦਾ ਅੰਦਰ 'ਅਫ਼ਲਾਤੂਨ'।

ਨਫ਼ਰਤ, ਵਹਿਸ਼ਤ, ਫ਼ਿਰਕੂ-ਦਹਿਸ਼ਤ ਹੋਣ ਮੁਬਾਰਕ ਉਸਨੂੰ,
ਜਿਸ ਨੂੰ ਨਹੀਂ ਗਵਾਰਾ ਪੜ੍ਹਨਾ ਉਲਫ਼ਤ ਦਾ ਮਜ਼ਬੂਨ।

•

✯

ਅਗਰ ਬੇਚਾਰਗੀ ਤਜ ਕੇ ਕਦੇ ਤਦਬੀਰ ਬਣ ਜਾਵੇਂ।
ਸ਼ਿਲਾਲੇਖਾਂ ਜਿਹੀ ਕੋਈ ਅਮਿੱਟ ਤਹਿਰੀਰ ਬਣ ਜਾਵੇਂ।

ਲਿਖੇਂ ਜੇ ਲੇਖ ਖ਼ੁਦ ਆਪਣੇ ਪਰਖ-ਪੜਚੋਲ ਕਰ ਬਹਿ ਬਹਿ,
ਕਿਵੇਂ ਨਾ ਫਿਰ ਸਮੁੱਚੇ ਵਿਸ਼ਵ ਦੀ ਤਕਦੀਰ ਬਣ ਜਾਵੇਂ।

ਮੁਨੱਸਰ ਹੈ ਤਿਰੇ ਤੇ ਤਰਸ ਦੀ ਪਾਤਰ ਬਣੇਂ, ਜਾਂ ਫਿਰ,
ਜ਼ਮਾਨੇ ਭਰ ਦੀਆਂ ਪੀੜ੍ਹਾਂ ਲਈ ਅਕਸੀਰ ਬਣ ਜਾਵੇਂ।

ਕਦੇ ਅਬਲਾ, ਕਦੇ ਸਬਲਾ, ਕਦੇ ਮਾਇਆ, ਕਦੇ ਮਮਤਾ,
ਕਦੇ ਚੰਡੀ, ਕਦੇ ਝਾਂਸੀ, ਕਦੇ ਤੂੰ ਹੀਰ ਬਣ ਜਾਵੇਂ।

ਕਦੇ ਆਈ ਤੇ ਆ ਜਾਵੇਂ ਤਾਂ ਧੋਣੇ ਧੋ ਦਏਂ ਸਾਰੇ,
ਕਿਰਨ ਬੇਦੀ ਜਿਹੀ ਸ਼ੀਹਣੀਂ ਜਾਂ ਫਿਰ ਸ਼ਮਸ਼ੀਰ ਬਣ ਜਾਵੇਂ।

ਮੁਹੱਬਤ, ਇਸ਼ਕ, ਉਲਫ਼ਤ, ਪਿਆਰ, ਚਾਹਤ ਦਾ ਮੁਜੱਸਮਾ ਤੂੰ,
ਤਸੱਵਰ ਵਿੱਚ ਜਿਵੇਂ ਚਿਤਵੋ, ਉਹੀ ਤਸਵੀਰ ਬਣ ਜਾਵੇਂ।

ਤਮੰਨਾ, ਤਾਂਘ, ਇੱਛਾ, ਚਾਹਨਾ ਨੂੰ ਬੂਰ ਪੈ ਜਾਵੇ,
ਜਦੋਂ ਅਰਧਾਂਗਨੀ ਬਣ ਖ਼ਾਬ ਦੀ ਤਾਬੀਰ ਬਣ ਜਾਵੇਂ।

ਹਰਿਕ ਲਮਹਾ ਹਯਾਤੀ ਦਾ ਉਦੋਂ ਦੁਸ਼ਬਾਰ ਹੋ ਜਾਵੇ,
ਜਦੋਂ ਨਫ਼ਰਤ-ਜਲਨ ਬੁਝਿਆ ਵਿਸ਼ੈਲਾ ਤੀਰ ਬਣ ਜਾਵੇਂ।

ਜਦੋਂ ਪਰਵਾਜ਼ ਬਣ ਜਾਵੇਂ ਤਾਂ ਅੰਬਰ ਗਾਹ ਦਵੇਂ ਸਾਰੇ,
ਸਥਿਰ 'ਹਰਚਰਨ' ਹੋ ਜਾਵੇਂ ਜਦੋਂ ਜ਼ੰਜੀਰ ਬਣ ਜਾਵੇਂ।

•

✲

ਆਸ-ਉਮੀਦਾਂ ਮੁੱਕੀਆਂ-ਨਾ-ਮੁੱਕੇ ਜੀਅ-ਜੰਜਾਲ।
ਮੁੱਕਦੇ ਮੁੱਕਦੇ ਮੁੱਕ ਗਿਆ ਫੇਰ ਦਿਨਾਂ ਵਿੱਚ ਸਾਲ।

ਕੀ ਹੋਇਆ ਜੇ ਹੋ ਗਿਆ, ਆਪਣਾ ਮੁਲਕ ਕੰਗਾਲ।
ਇਹ ਕੀ ਕਮ ਹੈ ਹੋ ਗਏ, ਰਹਿਬਰ ਮਾਲਾ ਮਾਲ।

ਕੁਰਸੀ ਜੇਕਰ ਹੈ ਨਿਰੀ 'ਇਕ ਸੂਲਾਂ ਦੀ ਸੇਜ',
ਕਾਹਨੂੰ ਚੁੰਬੜੇ ਰਾਤ ਦਿਨ ਫਿਰ ਕੁਰਸੀ ਦੇ ਨਾਲ।

ਠੇਕੇ ਤੇ ਭਰਤੀ ਹੈ ਜੇ 'ਕਾਇਆ-ਕਲਪ' ਦਾ ਹੱਲ,
ਠੇਕੇ ਤੇ ਫਿਰ ਦੇ ਦਿਓ ਮੁਲਕ ਜ਼ਰਾ ਇਕ ਸਾਲ।

ਨੀਅਤ ਜੇਕਰ ਸਾਫ਼ ਹੈ, ਕੋਸ਼ਿਸ਼ ਜੇ ਸਿਰ-ਤੋੜ,
ਹੁੰਦੇ ਸੁੰਦੇ ਫੇਰ ਕਿਉਂ, ਨੌਕਰੀਆਂ ਦਾ ਕਾਲ।

ਰਾਹ-ਦਿਸੇਰੀ ਜੇ ਬਣੀ ਨੈਤਿਕਤਾ ਇਸ ਰੋਜ਼,
ਫੇਰ ਸਿਆਸਤ ਰਹਿ ਗਈਂ ਕਿਉਂ ਬਣਕੇ ਇਕ ਗਾਲ।

ਰੱਬਾ! ਆਖ਼ਰ ਮੁਲਕ ਦਾ ਕੀ ਹੋਊ ਅੰਜ਼ਾਮ,
ਰਹਿਬਰ ਹਰ ਇਕ ਚੱਲ ਰਿਹਾ ਅੱਜ ਬੇਢੰਗੀ ਚਾਲ।

ਹਰ ਬੰਦਾ ਇਸ ਦੌਰ ਦਾ 'ਮਾਰ ਰਿਹਾ ਹੱਥ ਪੈਰ',
ਬੁਣਿਆ ਹੈ ਕੁਝ ਇਸ ਤਰ੍ਹਾਂ ਸਿਸਟਮ ਨੇ ਅੱਜ ਜਾਲ।

'ਲੋਕ-ਦਿਖਾਵਾ' ਬਣ ਗਿਆ ਜਦ ਤੋਂ ਜੀਵਨ ਜਾਚ,
ਚਾਹੁੰਦਾ ਹੈ ਹਰ ਆਦਮੀ ਮਾਰੇ ਵੱਡੀ ਛਾਲ।

ਲੋਕ-ਹਿਤੈਸ਼ੀ ਹੋਣ ਦਾ ਦਮ ਭਰਦੇ ਜੋ ਨਿੱਤ,
ਪੰਜੀਂ ਸਾਲੀਂ ਪੁੱਛਦੇ, ਮੁੜ ਵੋਟਰ ਦਾ ਹਾਲ।

'ਹਰਚਰਨ' ਸਮੇਂ ਸਿਰ ਨਾ ਲਈ ਮੁਲਕ ਦੀ ਜੇਕਰ ਸਾਰ,
ਢੂੰਡਾਂਗੇ ਪੱਤ ਏਸ ਦੀ ਕਿੱਥੇ ਆਲ-ਪਤਾਲ।

•

✵

ਕਾਸ਼! ਕਿਤੇ ਮਹਿਰਮ ਕੋ', ਹੁੰਦੀ ਸ਼ਿਵ ਦੀ ਤੀਜੀ ਅੱਖ।
ਰਿਸ਼ਤੇ ਮੋਹ-ਮੁਹੱਬਤ ਵਾਲੇ ਕਦੇ ਨਾ ਹੁੰਦੇ ਯੱਖ਼।

ਭਾਵਾਂ ਦੇ ਵਹਿਣਾਂ ਵਿੱਚ ਵਹਿ ਵਹਿ ਫਿਰ ਗੁੰਮਰਾਹ ਨਾ ਹੁੰਦਾ,
ਤੱਕ ਲੈਂਦਾ ਇਕ ਵਾਰ ਕਿਤੇ ਤਸਵੀਰ ਦਾ ਦੂਜਾ ਪੱਖ।

ਗ਼ੈਰਾਂ ਨੂੰ ਬਰਬਾਦ ਕਰਨ ਦਾ ਜੇ ਅਰਮਾਨ ਹੈ ਐਨਾ,
ਚੇਤੇ ਰੱਖੀਂ ਆਪਣੇ ਪੱਲੇ ਵੀ ਨਹੀਂ ਰਹਿਣਾ ਕੱਖ਼।

ਜਿਸਮਾਂ ਦੀ ਇਹ ਸਾਂਝ ਦਿਲਾਂ ਨੂੰ ਦਿੰਦੀ ਅਕਸਰ ਧੋਖਾ,
ਇੱਕੋ ਬਿਸਤਰ ਤੇ ਸੌਂ ਕੇ ਵੀ, ਲੋਕੀਂ ਹੁੰਦੇ ਵੱਖ।

ਪਾਗਲ ਪੌਣਾਂ ਪਿੱਛੇ ਲੱਗ ਕੇ, ਦਿਲ ਨਾ ਕਰ ਤੂੰ ਛੋਟਾ,
ਤੇਰਾ ਹਾਂ, ਮੈਂ, ਤੇਰਾ ਹਾਂ, ਬੱਸ ਜ਼ਰਾ ਤਹੱਮਲ ਰੱਖ।

ਬਹਿੰਦੇ-ਉਠਦੇ, ਲੰਘਦੇ-ਵੜਦੇ, ਖਹਿੰਦਾ ਹੈ ਉਹ ਹਰਦਮ,
ਫੁੱਟਦੀ ਹੈ ਕੁਝ ਝੈਰ ਜਿਹੀ ਜਾਂ ਲੜਦੀ ਹੈ ਕੁਝ ਮੱਖ਼।

ਵਾਕਿਫ਼ ਹਾਂ ਹਰ ਚਾਲ ਤੇਰੀ ਤੋਂ, ਜਾਣੂੰ ਹਾਂ ਰਗ ਰਗ ਤੋਂ,
ਬੇਸ਼ੱਕ ਤੂੰ ਨਿਰਪੱਖ ਹੋਣ ਦੇ ਦਾਅਵੇ ਕਰ ਲੈ ਲੱਖ।

•

✡

ਕਿਸ ਨੇ ਮਚਾਈ ਹਲਚਲ, ਅੱਜ ਸ਼ਾਂਤ ਪਾਣੀਆਂ ਵਿੱਚ ?
ਕਿਸ ਨੇ ਫੈਲਾਈ ਦਹਿਸ਼ਤ, ਅੱਲ੍ਹੜਾਂ-ਨਿਮਾਣੀਆਂ ਵਿੱਚ ?

ਓ! ਨਾ-ਖ਼ੁਦਾਓ! ਆਓ, ਬੇੜਾ ਨਾ ਖ਼ੁਦ ਵਹਾਓ,
ਵਸਦਾ ਹੈ ਰੱਬ ਤਾਂ ਓਹੀ, ਧੀਆਂ-ਧਿਆਣੀਆਂ ਵਿੱਚ।

ਧੀਆਂ ਦੇ ਕਾਤਿਲੋ! ਇਹ, ਇਕ ਪਲ ਤਾਂ ਯਾਦ ਰੱਖਦੇ,
ਦਿੱਤਾ ਸੀ ਕੀ ਸੁਨੇਹਾ, ਨਾਨਕ ਨੇ ਬਾਣੀਆਂ ਵਿੱਚ।

ਧਰਤੀ ਤੋਂ ਅੰਬਰਾਂ ਤੱਕ, ਕੁੜੀਆਂ ਦਾ ਬੋਲ-ਬਾਲਾ,
ਕੋਈਂ ਦਮ ਨਹੀਂ ਰਿਹਾ ਹੁਣ, ਸੋਚਾਂ ਪੁਰਾਣੀਆਂ ਵਿੱਚ।

'ਹੀਰਾਂ' ਦੀ ਸੰਖਿਆ ਵਿੱਚ, ਆਉਂਦੀ ਕਮੀ ਨੂੰ ਤੱਕ ਤੱਕ,
ਹੁੰਦਾ ਹੈ ਰੋਜ਼ ਚਰਚਾ, 'ਰਾਂਝੇਂ' ਦੇ ਹਾਣੀਆਂ ਵਿੱਚ।

ਬਰਬਾਦੀਆਂ ਦੇ ਦਰ 'ਤੇ, ਖ਼ੁਦ ਦੇ ਰਹੇ ਹਾਂ ਦਸਤਕ,
ਚਿੰਤਾ ਹੈ ਹਰ ਤਰਫ਼ ਹੁਣ, ਪਰ੍ਹਿਆਂ ਤੇ ਢਾਣੀਆਂ ਵਿੱਚ।

ਦਾਨਿਸ਼ਵਰੋ! ਤੁਸੀਂ ਹੀ, ਕੁਛ ਬੈਠ ਕੇ ਵਿਚਾਰੋ,
'ਹੁੰਦੀ ਸੀ ਧੀ' ਨਾ ਪੜ੍ਹੀਏ, ਕਿੱਸੇ-ਕਹਾਣੀਆਂ ਵਿੱਚ।

ਖ਼ੁਦ ਬੀਜ-ਨਾਸ ਕਰਕੇ, ਰੋਵਾਂਗੇ ਬਹਿ ਕੇ ਉਸ ਨੂੰ,
ਰੂਹ ਧੜਕਦੀ ਸੀ ਜਿਸ ਦੀ, ਚਰਖੇ-ਮਧਾਣੀਆਂ ਵਿੱਚ।

'ਹਰਚਰਨ' ਜ਼ਿੰਦਗੀ ਦੇ ਕਰਨੇ ਦੀਦਾਰ ਜੇਕਰ,
ਤਾਂ ਕਰ ਦੀਦਾਰ ਉਸ ਦੇ, ਕੰਜਕਾਂ-ਨਿਮਾਣੀਆਂ ਵਿੱਚ।

•

✯

ਹਾਵੀ ਹੋਇਆ ਜਦ ਤੋਂ ਏਥੇ ਭਾਈ-ਭਤੀਜਾ ਵਾਦ।
ਅੜੇ ਅਸੂਲ ਕੀ ਹੁੰਦੇ ਕਿੱਥੇ ਹਾਕਮ ਨੂੰ ਹੁਣ ਯਾਦ।

ਗ਼ੈਰਾਂ ਦੀ ਗੱਲ ਸਣ ਸੁਣ ਆਵੇ ਯਾਰੋ ਅਜ਼ਬ ਸੁਆਦ।
ਆਪਣੀ ਚਰਚਾ ਗਲੀ ਗਲੀ ਵੀ ਲਗਦੀ ਬੇ-ਬੁਨਿਆਦ।

ਸ਼ਾਮ ਸਵੇਰੇ ਬਹਿ ਬਹਿ ਬੰਦਾ ਘੜਦਾ ਲੱਖ ਮਨਸੂਬੇ,
ਬੇ-ਖ਼ਬਰਾ ਕੀ ਜਾਣੇ ਕਿੰਨੀ ਬੰਦੇ ਦੀ ਮੁਨਿਆਦ।

ਮਿਨਤਾਂ-ਤਰਲੇ ਕਰ ਕਰ ਦੇਖੇ ਰਗੜੇ ਨੱਕ ਬਥੇਰੇ,
ਪੱਥਰ ਕਦ ਸੁਣਦੇ ਹੁਣ ਰੱਬਾ ਬੰਦੇ ਦੀ ਫ਼ਰਿਆਦ।

ਉਹ ਕੀ ਜਾਣੇ ਬਹਿਰ-ਵਜ਼ਨ, ਸੁਰ-ਤਾਲ, ਤਖ਼ੱਈਅਲ, ਕਵਿਤਾ,
ਜਿਸ ਦੇ ਅੰਦਰੋਂ ਭੋਰਾ ਭਰ ਨਾ ਫੁੱਟੇ ਸੁਹਜ ਸੁਆਦ।

ਕੁਰਸੀ ਤੇ ਬਹਿ ਕੇ ਵੀ ਜੋ ਨਹੀਂ ਭੁਲਦੇ ਆਪਣਾ ਪਿੱਛਾ,
ਉਹ ਬੰਦੇ ਬੱਸ ਬਣ ਜਾਂਦੇ ਨੇ ਦੁਨੀਆਂ ਤੇ ਅਪਵਾਦ।

ਖੋਤੇ-ਘੋੜੇ ਵਿਚਲੇ ਅੰਤਰ ਤੋਂ ਜੋ ਹੈ ਨਾ-ਵਾਕਿਫ਼,
ਉਹ ਕੀ ਜਾਣੇ ਕੀ ਹੁੰਦੀ ਇਸ ਜੀਵਨ ਦੀ ਬੁਨਿਆਦ।

ਸਰਪਟ ਦੌੜ ’ਚ ਸ਼ਾਮਿਲ ਹਰ ਇਕ ਵਾਹੋ-ਦਾਹੀ ਭੱਜੇ,
ਕੌਣ ਕਿਸੇ ਦੀ ਸਾਰ ਲਵੇ ਅੱਜ ਕੌਣ ਕਰੇ ਇਮਦਾਦ।

ਰਾਮ, ਰਹੀਮ, ਖ਼ੁਦਾ-ਸਭ ਰਹਿਬਰ ਬਿਟ ਬਿਟ ਬਹਿ ਬਹਿ ਤੱਕਣ,
ਕੀ ਕੀ ਚੰਨ ਚੜ੍ਹਾਏ ਮੁੜ ਮੁੜ ਇਹ ਮਜ਼੍ਹਬੀ-ਉਨਮਾਦ।

ਮੁੱਲ, ਵਿਧਾਨ, ਦਿਆਨਤਦਾਰੀ, ਧਰਮ, ਮਜ਼੍ਹਬ ਸਭ ਵਿਸਰੇ,
ਬੰਦੇ ਨੂੰ ਇਸ ਰੁੱਤੇ ਹੁਣ ਬੱਸ, ਪੈਸੇ ਤੇ ਇਤਕਾਦ।

ਗ਼ਜ਼ਲ ਤਿਰੀ ‘ਹਰਚਰਨ’ ਨਾ ਜਿਸ ਨੂੰ, ਫੁੱਟੀ ਅੱਖ ਵੀ ਭਾਵੇ,
ਕਿਵੇਂ ਤਵੱਕੋ ਕਰਦੈਂ ਉਸ ਤੋਂ, ਦੇਵੇਗਾ ਉਹ ਦਾਦ।

•

✡

ਕਿਰਦਾਰ ਹੋਰਨਾਂ ਦੇ ਜੇ ਰਿੜਕਦਾ ਨਾ ਹਰ ਪਲ।
ਤੇਰਾ ਹੁਸੀਨ ਬਿੰਬ ਵੀ, ਫਿਰ ਤਿੜਕਦਾ ਨਾ ਹਰ ਪਲ।

ਦੁਰਕਾਰਦੇ ਨਾ ਸਾਰੇ, ਕਰਦੇ ਨਾ ਇੰਝ ਕਿਨਾਰਾ,
ਇਉਂ ਚਿੜ-ਚਿੜਾ ਕੇ ਸਭ ਨੂੰ, ਜੇ ਝਿੜਕਦਾ ਨਾ ਹਰ ਪਲ।

ਤੇਰਾ ਵੀ ਨਾਮ ਹੁੰਦਾ, ਤਾਰੀਖ਼ ਦੇ ਸਫ਼ੇ ’ਤੇ,
ਘਬਰਾ ਕੇ ਮੁਸ਼ਕਿਲਾਂ ਤੋਂ, ਜੋ ਥਿੜ੍ਹਕਦਾ ਨਾ ਹਰ ਪਲ।

ਜੇ ਆਪਣਾ ਬਣਾ ਉਹ, ਦਿਲ ਦੇ ਕਰੀਬ ਕਰਦੇ,
ਵਿਸ਼ਵਾਸ ਜ਼ਿੰਦਗੀ ’ਚੋਂ ਫਿਰ ਤਿੜਕਦਾ ਨਾ ਹਰ ਪਲ।

ਮੋਢੇ ਨਾ ’ਜੋੜ ਮੋਢਾ, ਖੜ੍ਹਦੇ ਨਾ ਸਾਕ-ਮਿੱਤਰ,
‘ਹਰਚਰਨ’ ਜਾਨ ਸਭ ਤੋਂ ਜੇ ਛਿੜਕਦਾ ਨਾ ਹਰ ਪਲ।

•

✯

ਜੋ ਖ਼ੁਦ ਨੂੰ ਸਮਝਦੇ ਸੀ ਬਾਦੇ ਤੇ ਇੱਕੇ।
ਪਰਖ ਦੀ ਘੜੀ ਪੈ ਗਏ ਪਲ 'ਚ ਫਿੱਕੇ।

ਅਸੂਲਾਂ ਦੀ ਹਰ ਦਮ ਉਹ ਦਿੰਦੇ ਦੁਹਾਈ,
ਅਸੂਲਾਂ ਨੂੰ ਪਲ ਪਲ ਜੋ ਟੰਗਦੇ ਨੇ ਛਿੱਕੇ।

ਨਿਗ੍ਹਾਬਾਨ ਜੰਗਲ ਦੇ ਬਹਿ ਖ਼ਾਬ ਤੱਕਣ,
ਕਿ ਇਕ ਦਿਨ ਤਾਂ ਆਏਗੀ ਹਰਨੀ ਅੜਿੱਕੇ।

ਜੋ ਦਿਸਦੇ ਸੀ ਦੂਰੋਂ ਮਹਾਂ ਵਡ-ਅਕਾਰੀ,
ਉਹ ਸੀ ਦਰਅਸਲ ਬਹੁਤ ਹਲਕੇ ਤੇ ਨਿੱਕੇ।

ਪੁਆਉਂਦੇ ਨੇ ਮੰਡੀ 'ਚ ਕੀਮਤ ਉਹ ਵਧ ਚੜ੍ਹ,
ਕਹਾਉਂਦੇ ਸੀ ਕੱਲ੍ਹ ਜੋ, ਮਹਿਜ਼ ਖੋਟੇ ਸਿੱਕੇ।

ਨਵੇਂ ਪੋਚ ਦੇ ਦੇਖ ਕੇ ਚਿਹਨ-ਚੱਕਰ,
ਠਠੰਬਰ ਕੇ ਰਹਿ ਗਏ ਨੇ ਇਸ ਪਲ ਵਡਿੱਕੇ।

ਸਫ਼ਰ ਜ਼ਿੰਦਗਾਨੀ ਦਾ ਬੇ-ਰਸ ਹੀ ਹੁੰਦਾ,
ਜੇ ਹੁੰਦੇ ਨਾ ਰਾਹਾਂ 'ਚ ਐਨੇ ਅੜਿੱਕੇ।

ਜੇ ਬਾਜਾਂ-ਉਕਾਬਾਂ ਨਾ ਬਰ ਮੇਚਣਾ ਹੈ,
ਬਣਾਓ ਨਾ ਫਿਰ ਆਲ੍ਹਣੇ ਇੰਞ ਝਿੱਕੇ।

ਜੋ-ਥੁੱਕਦੇ ਸੀ ਅੰਬਰਾਂ 'ਤੇ ਕੱਲ੍ਹ ਮੂੰਹ ਫੁਲਾ ਕੇ,
ਉਹ ਬੰਦੇ ਨਹੀਂ- ਸੀ ਅਮੀਰਾਂ ਦੇ ਟਿੱਕੇ।

•

✯

ਗੁਜ਼ਰੇਗੀ ਕਿੰਝ ਹਯਾਤੀ ਇਉਂ ਪੈਰ ਪੈਰ ਮਰ ਮਰ।
ਲੱਗੇਗੀ ਕਿੰਝ ਕਿਨਾਰੇ, ਕਿਸ਼ਤੀ ਭੰਵਰ 'ਚੋਂ ਡਰ ਡਰ।

ਹਰ ਹਰਫ਼, ਹਰ ਸਤਰ ਦੀ, ਹਰ ਪਰਤ ਤੋਂ ਹਾਂ ਵਾਕਿਫ਼,
ਗਾਥਾ ਸੁਣਾ ਰਿਹਾ ਜੋ ਨੈਣਾਂ 'ਚੋਂ ਨੀਰ ਝਰ ਝਰ।

ਇਸ ਸਰਦ-ਯੱਖ਼ ਫ਼ਿਜ਼ਾ ਤੋਂ ਕੁਛ ਪਲ ਤਾਂ ਕਰ ਕਿਨਾਰਾ,
ਦੇਖੀਂ ਕਿਤੇ ਨਾ ਸੱਧਰਾਂ, ਦਮ ਤੋੜ ਜਾਣ ਠਰ ਠਰ।

ਸਾਗਰ, ਤੂਫ਼ਾਨ, ਲਹਿਰਾਂ-ਕੀ ਕੀ ਖ਼ਿਆਲ ਉੱਠਣ,
ਤੱਕਿਆ ਨਾ ਕਰ ਹਮੇਸ਼ਾਂ-ਅੱਖੀਆਂ ਹੁਸੀਨ ਭਰ ਭਰ।

ਦਿਨ-ਰਾਤ ਦਮ ਭਰੇਂ- ਜਦ ਹਮਰਾਜ਼-ਹਮਸਫ਼ਰ ਹਾਂ,
ਕਿਉਂਕਰ ਕਰੇਂ ਇਹ ਪਰਦੇ ਦਿਲ ਦੇ ਕਰੀਬ ਕਰ ਕਰ।

ਤੂੰ ਹੀ ਨਹੀਂ ਹੈਂ ਜਿਸ ਦਾ ਅੱਜ ਰੋਮ ਰੋਮ ਛਲਣੀ,
ਵਿੰਨ੍ਹਿਆਂ ਹੈ ਹਰਿਕ ਬੰਦਾ, ਦੁੱਖਾਂ ਨੇ ਦੇਖ ਘਰ ਘਰ।

ਹਿੰਮਤ ਦੇ ਨਾਲ ਡਟਕੇ ਲਾ ਹੋਣੀਆਂ ਨਾ ਮੱਥਾ,
ਕਰਿਆ ਨਾ ਕਰ ਹਮੇਸ਼ਾਂ 'ਹਰਚਰਨ' ਡਰ ਕੇ ਹਰ ਹਰ।

•

✵

ਮੁੱਦਤ ਤੋਂ ਛਟਪਟਾਏ, ਪਿੰਜਰੇ 'ਚ ਕੈਦ ਪੰਛੀ।
ਚੀਕੇ ਅਤੇ ਚਿਲਾਏ, ਪਿੰਜਰੇ 'ਚ ਕੈਦ ਪੰਛੀ।

ਦਿਨ-ਰਾਤ ਝੂਰਦਾ ਹੈ, ਪਿੰਜਰੇ ਨੂੰ ਘੂਰਦਾ ਹੈ,
ਮੁਕਤੀ ਨਜ਼ਰ ਨਾ ਆਏ, ਪਿੰਜਰੇ 'ਚ ਕੈਦ ਪੰਛੀ।

ਹਰ ਵਕਤ ਸਹਿਕਦਾ ਹੈ, ਘੁਟ ਘੁਟ ਕੇ ਚਹਿਕਦਾ ਹੈ,
ਕੁੜ੍ਹ ਕੁੜ੍ਹ ਲਹੂ ਸੁਕਾਏ, ਪਿੰਜਰੇ 'ਚ ਕੈਦ ਪੰਛੀ।

ਖੰਭਾਂ ਨੂੰ ਫੜਫੜਾਏ, ਰਹਿ ਰਹਿ ਕੇ ਰੋਹ 'ਚ ਆਏ,
ਬੰਧਨ ਕਿਵੇਂ ਤੁੜਾਏ, ਪਿੰਜਰੇ 'ਚ ਕੈਦ ਪੰਛੀ।

ਵਿਰਲਾਂ 'ਚੋਂ ਝਾਤ ਮਾਰੇ, ਤੱਕਦਾ ਨਵੇਂ ਨਜ਼ਾਰੇ,
ਉਡਣੇ ਨੂੰ ਤੜਫੜਾਏ, ਪਿੰਜਰੇ 'ਚ ਕੈਦ ਪੰਛੀ।

ਕਰਮਾਂ ਨੂੰ ਕੋਸਦਾ ਹੈ, ਅੰਬਰ ਨੂੰ ਲੋਚਦਾ ਹੈ,
ਕਿੱਦਾਂ ਆਕਾਸ਼ ਗ੍ਰਾਏ, ਪਿੰਜਰੇ 'ਚ ਕੈਦ ਪੰਛੀ।

ਨਾ ਤਰਸ ਨਾ ਰਹਿਮ ਹੈ, ਚਾਰੋਂ ਤਰਫ਼ ਸਹਿਮ ਹੈ,
ਘੁਟ ਘੁਟ ਕੇ ਮਰ ਨਾ ਜਾਏ, ਪਿੰਜਰੇ 'ਚ ਕੈਦ ਪੰਛੀ।

ਜਦ ਵੇਦਨਾ ਸੁਣਾਏ, ਖੁਲ੍ਹ ਕੇ ਨਾ ਬੋਲ ਪਾਏ,
ਸੱਯਾਦ ਬੁੜਬੁੜਾਏ, ਪਿੰਜਰੇ 'ਚ ਕੈਦ ਪੰਛੀ।

'ਹਰਚਰਨ'! ਕਾਸ਼! ਉਸ ਦੀ, ਚਾਹਤ ਨੂੰ ਬੂਰ ਆਏ,
ਖੁੱਲ੍ਹੀ ਉਡਾਣ ਲਾਏ, ਪਿੰਜਰੇ 'ਚ ਕੈਦ ਪੰਛੀ।

•

✵

ਮੈਂ ਤੈਥੋਂ ਦੂਰ ਜਾ ਕੇ ਇਸ ਕਦਰ ਉਪਰਾਮ ਨਾ ਹੁੰਦਾ।
ਜੇ ਸਿਰ ਤੇ ਬੇਵਫ਼ਾਈ ਦਾ ਕੋਈ ਇਲਜ਼ਾਮ ਨਾ ਹੁੰਦਾ।

ਤੁਸੀਂ ਜੇ ਮੂੰਹ-ਮੁਲ੍ਹਾਜੇ ਰੱਖ ਇਵੇਂ ਇਨਸਾਫ ਨਾ ਕਰਦੇ,
ਦਿਲਾਂ ਦੇ ਰਿਸ਼ਤਿਆਂ ਦਾ ਇਸ ਤਰ੍ਹਾਂ ਅੰਜ਼ਾਮ ਨਾ ਹੁੰਦਾ।

ਕਦੇ ਜੇ ਚੰਦ ਲਮਹੇ ਹੀ ਜ਼ਿੰਦਗੀ ਦੇ ਨਾਮ ਕਰ ਦਿੰਦੇ,
ਤਾਂ ਆਪਣਾ ਹਰ ਯਤਨ ਫਿਰ ਦੋਸਤੋ! ਨਾਕਾਮ ਨਾ ਹੁੰਦਾ।

ਗ਼ਜ਼ਲਗੋਈ ਦਾ ਚਸ਼ਮਾ ਹੁਣ ਤਲਕ ਤਾਂ ਸੁੱਕ-ਸੁਕਾ ਜਾਂਦਾ,
ਗ਼ਜ਼ਲ ਵਿੱਚ ਜ਼ਿੰਦਗੀ ਦਾ ਜੇ ਕੋਈ ਪੈਗ਼ਾਮ ਨਾ ਹੁੰਦਾ।

ਮੈਂ ਟੁਕੜੇ ਜੋੜ ਕੇ ਦਿਲ ਦੇ ਨਾ ਮੁੜ ਤਰਤੀਬ ਸਿਰ ਕਰਦਾ,
ਜੇ ਹਰ ਟੁਕੜੇ, ਹਰਿਕ ਧੜਕਣ ਤੇ ਤੇਰਾ ਨਾਮ ਨਾ ਹੁੰਦਾ।

ਗ਼ਜ਼ਲ ਵਿੱਚ ਦਰਦ ਜੀਵਨ ਦਾ ਕਿਵੇਂ ਅਨੁਵਾਦ ਕਰਦਾ ਮੈਂ,
ਜੇ ਸ਼ਾਇਰ ਮਨ ਮੇਰਾ ਅਕਸਰ ਇਵੇਂ ਉਪਰਾਮ ਨਾ ਹੁੰਦਾ।

ਤੁਸੀਂ ਹਰ ਆਦਮੀ ਅੰਦਰ ਕਿਤੇ ਇਨਸਾਨ ਜੇ ਤੱਕਦੇ,
ਤਾਂ ਹੋਠਾਂ ਤੇ ਸਿਰਫ਼ ਨਾਨਕ, ਮੁਹੰਮਦ, ਰਾਮ ਨਾ ਹੁੰਦਾ।

ਕਿਤੇ ਜੇ ਆਦਮੀ ਵਿਚਲਾ ਕਦੇ ਇਨਸਾਨ ਨਾ ਮਰਦਾ,
ਤਾਂ ਦਿਨ-ਦੀਵੀਂ ਮਨੁੱਖਤਾ ਦਾ ਇਹ ਕਤਲੇਆਮ ਨਾ ਹੁੰਦਾ।

ਮਨੁੱਖਤਾ ਦੇ ਸਿਰਾਂ ਤੇ ਇਸ ਤਰ੍ਹਾਂ ਖ਼ਤਰੇ ਨਾ ਮੰਡਰਾਉਂਦੇ,
ਤਿਰੇ ਵਿੱਚ ਬੁਸ਼, ਮੇਰੇ ਵਿੱਚ ਜੇ ਕਿਤੇ ਸੱਦਾਮ ਨਾ ਹੁੰਦਾ।

•

✵

ਦਿਲਾਂ ਵਿਚ ਨਾ ਉਸਾਰੋ ਦੋਸਤੋ ਦੀਵਾਰ ਨਫ਼ਰਤ ਦੀ।
ਕਿਤੇ ਦਮ ਤੋੜ ਨਾ ਜਾਏ, ਦੁਵੱਲੀ ਤਾਂਘ ਉਲਫ਼ਤ ਦੀ।

ਅਹੰ ਦੀ ਪਰਤ ਅਣਦਿਸਦੀ, ਚੁਗਿਰਦੇ ਤਾਣ ਕੇ ਬੈਠੈਂ,
ਸੁਣਾਈ ਕੀ ਦਊ ਤੈਨੂੰ, ਦੁਹਾਈ ਮੂਕ-ਹਸਰਤ ਦੀ।

ਹਵਾ, ਪਾਣੀ, ਸੁਗਮ-ਸੰਗੀਤ-ਸਭ ਕੁਛ ਹੋ ਰਿਹਾ ਦੂਸ਼ਿਤ,
ਖ਼ੁਦਾਇਆ ਹੋ ਰਹੀ ਦੁਰਗਤ ਕਿਵੇਂ ਦਿਨ ਰਾਤ ਕੁਦਰਤ ਦੀ।

ਕਿਤੇ ਲਾਉਣੀ ਬੁਝਾਉਣੀ ਜਾਂ ਉਡਾਉਣੀ ਬੇ-ਸਿਰੀ, ਪੈਰੀ,
ਨਹੀਂ ਇਹ ਦਿਲ-ਲਗੀ ਕੋਈ ਮਹਿਜ਼ ਇਹ ਬਾਤ ਫ਼ਿਤਰਤ ਦੀ।

ਤੇਰਾ ਵੀ ਨਾਮ ਚਰਚਾ ਦਾ ਬਣੇਗਾ ਲਾਜ਼ਮੀ ਮਰਕਜ਼,
ਤੁਰੇਗੀ ਜਦ ਕਦੇ ਵੀ ਫ਼ਰਸ਼ ਤੇ ਕੋਈ ਬਾਤ ਖ਼ਸਲਤ ਦੀ।

ਨਾ ਕਦਰਾਂ-ਕੀਮਤਾਂ-ਨਾ ਯਾਦ ਹੁਣ ਸ਼ਰਮ-ਔ-ਹਯਾ ਕੋਈ,
ਚੁਪਾਸੀਂ ਵਗ ਰਹੀ ਇਕ ਲਾ-ਮਿਸਾਲੀ ਪੌਣ ਗ਼ਫ਼ਲਤ ਦੀ।

ਸ਼ਕਲ-ਸੂਰਤ ਗਵਾਰਾ-ਨਾ-ਕਿਸੀ ਦਾ ਨਾਮ ਤੱਕ ਸੁਣਨਾ,
ਤਮੰਨਾ ਕਿਸ ਕਦਰ ਗਹਿਰਾ ਗਈ ਇਸ ਦੌਰ ਸ਼ੁਹਰਤ ਦੀ।

ਅਸੂਲਾਂ, ਕਾਇਦਿਆਂ, ਨੇਮਾਂ ਦੀ ਚਰਚਾ ਬੇ-ਤੁਕੀ ਉੱਥੇ,
ਕਿ ਤੂਤੀ ਬੋਲਦੀ 'ਹਰਚਰਨ' ਜਿੱਥੇ ਸਿਰਫ਼ ਤਾਕਤ ਦੀ।

•

✵

ਧਰਤੀ ਤੋਂ ਅੰਬਰ ਤੱਕ ਗੂੰਜੇ ਇਕੋ ਹੂਕ-ਪੁਕਾਰ।
ਜੰਮਣ ਤੋਂ ਪਹਿਲਾਂ ਕਿਉਂ ਜਾਪਣ ਧੀਆਂ ਜੱਗ ਤੇ ਭਾਰ।

ਕਿਉਂ ਅਣਜੰਮੀਆਂ ਧੀਆਂ ਬਣੀਆਂ ਅਖ਼ਬਾਰਾਂ ਦੀ ਸੁਰਖ਼ੀ,
ਕਿਨ ਅਜ਼ਲਾਂ ਤੋਂ ਮੱਥੇ ਲਿਖਿਆ ਧੀਆਂ ਦੇ ਤ੍ਰਿਸਕਾਰ।

ਰਿਸ਼ੀ ਪੁੱਤਰੋ! ਨਿੱਤ-ਨੇਮੀਓ! ਕੁਛ ਤਾਂ ਰਮਜ਼ ਪਛਾਣੋ,
ਵੇਦ-ਗ੍ਰੰਥ ਦੁਹਾਈ ਦੇ ਦੇ, ਪਾਉਂਦੇ ਨਿੱਤ ਵੰਗਾਰ।

ਕੌਣ ਰਚੇ ਛੜਯੰਤਰ ਬਹਿ ਬਹਿ, ਕੌਣ ਚਲਾਏ ਚਾਲਾਂ,
ਕੌਣ ਬਣੇ ਧੀਆਂ ਦਾ ਕਾਤਿਲ, ਕੌਣ ਬਣੇ ਹਥਿਆਰ।

'ਮੁਕਤੀ-ਦਾਤਾ' ਬਣ ਬਣ 'ਮੁਕਤੀ' ਦੇਣ ਸਕੈਨਿੰਗ-ਸੈਂਟਰ,
ਤੱਥ ਬਿਆਨਣ ਖੁੱਲ੍ਹ ਕੇ, 'ਖੋਜ-ਤਰੱਕੀ ਦੀ ਰਫ਼ਤਾਰ।'

'ਜੀਵਨ-ਦਾਤੇ' ਭੁੱਲ-ਭੁਲਾਕੇ ਪਾਕ-ਪਵਿੱਤਰ ਕਸਮਾਂ,
ਸਿੱਕੇ-ਖਾਤਿਰ ਛਿੱਕੇ ਟੰਗਦੇ, ਕਦਰਾਂ ਤੇ ਕਿਰਦਾਰ।

ਅੰਨ੍ਹੀ ਦੌੜ 'ਚ ਉਲ਼ਝ ਗਿਆ, ਇਸ ਦੌਰ ਦਾ 'ਸਰਵਣ ਪੁੱਤਰ',
ਕੌਣ ਪਿਲਾਏ ਪਾਣੀ ਅੰਤਿਮ ਵੇਲੇ ਬਣ ਕੁਲਤਾਰ।

'ਬੁੱਢ-ਪੁਰਾਣੀਆਂ ਵਸਤਾਂ' ਪੁੱਤਰ ਬਾਹਰ ਵਗ੍ਹਾ ਕੇ ਸੁੱਟਣ,
ਕੋਠੀ ਦੇ ਨਕਸ਼ੇ ਵਿਚ 'ਕੂੜ-ਕਬਾੜਾ' ਨਾ ਦਰਕਾਰ।

ਪੁੱਤਰ-ਮੋਹ ਵਿੱਚ ਗਲ-ਗਲ ਖੁੱਭੇ ਬੰਦਿਓ! ਕੁਛ ਤਾਂ ਦੱਸੋ,
ਧੀਆਂ ਦੀ ਮਾਂ ਕਾਹਨੂੰ ਸਹਿੰਦੀ, ਧੁਰ ਤੋਂ ਰੱਬੀ ਮਾਰ।

ਧੀ ਦੀ ਮਹਿਕ ਮੁਕੰਮਲ ਕਰਦੀ ਪਰਿਵਾਰਿਕ-ਗੁਲਦਸਤਾ,
ਧੀਆਂ ਬਾਝ ਅਧੂਰਾ ਅਕਸਰ ਸੁੱਲਦਾ ਹੈ ਘਰ-ਬਾਰ।

ਬੁੱਢੇ-ਵਾਰੇ ਸੰਗ-ਸਹਾਰੇ ਜਦ ਕੰਨੀ ਕਤਰਾਵਣ,
ਡੁੱਬਦੀ ਬੇੜੀ ਬੰਨ੍ਹੇ ਲਾਵਣ, ਧੀਆਂ ਬਣ ਪਤਵਾਰ।

ਕੱਲ੍ਹ ਦੀ ਪਹੁੰਚ-ਪ੍ਰਤਿਭਾ ਮੌਲਣ ਵਿਗਸਣ ਤੋਂ ਹੀ ਪਹਿਲਾਂ,
ਅਲਖ ਮੁਕਾ ਕੇ ਤੰਗਦਿਲ-ਪਹੁੰਚ ਨੇ ਦਿੱਤਾ ਕਹਿਰ ਗੁਜ਼ਾਰ।

ਕੁਦਰਤ ਦਾ ਵਰਤਾਰਾ ਸਾਰਾ ਅਸਤ-ਵਿਅਸਤ ਹੈ ਹੋਇਆ,
'ਹਰਚਰਨ' ਜਦੋਂ ਤੋਂ ਬੰਦਾ ਏਥੇ ਬਣ ਬੈਠਾ 'ਫ਼ਨਕਾਰ'।

•

✷

ਉਸ ਦੀ ਨਜ਼ਰ ਤੋਂ ਅੱਛਾ ਮੁੱਕਾਮ ਹੋਰ ਕਿਹੜਾ।
ਸਨਮਾਨ, ਨਾਮ, ਸ਼ੁਹਰਤ, ਇਕਰਾਮ ਹੋਰ ਕਿਹੜਾ।

ਦਿਲ 'ਚੋਂ ਵਿਸਾਰਿਆ ਕਿਉਂ? ਪੁੱਛਦੇ ਸਵਾਲ ਅਕਸਰ,
ਇਸ ਤੋਂ ਫ਼ਜ਼ੂਲ ਹੋਊ, ਇਲਜ਼ਾਮ ਹੋਰ ਕਿਹੜਾ।

ਦਿਨ ਰਾਤ ਭਟਕਦਾ ਹੈ ਖੰਡਿਤ ਵਜੂਦ, ਉਸ ਬਿਨ,
ਬਦਵਖ਼ਤੀਉਂ ਬੁਰਾ ਦੱਸ, ਅੰਜ਼ਾਮ ਹੋਰ ਕਿਹੜਾ!

ਤੇਰੀ ਨਜ਼ਰ 'ਚੋਂ ਡਿਗ ਕੇ, ਮਿੱਟੀ 'ਚ ਮਿਲ ਗਿਆ ਜੋ,
ਉਸ ਤੋਂ ਜ਼ਿਆਦਾ ਹੋਊ, ਨਾਕਾਮ ਹੋਰ ਕਿਹੜਾ।

ਧੜਕਣ ਦਿਲਾਂ ਦੀ ਬਣ ਬਣ ਨਿੱਤ ਧੜਕਦੀ ਦਿਲਾਂ ਵਿਚ,
ਚਾਹੀਦਾ ਸ਼ਾਇਰੀ ਨੂੰ, ਇਨਾਮ ਹੋਰ ਕਿਹੜਾ।

ਬੋਲੀ ਕੀ ਉਸ ਨੇ ਮਾਰੀ, ਅੰਦਰ ਹਲੂਣ ਸੁੱਟਿਆ,
ਮਚਦਾ ਵੀ ਇਸ ਤੋਂ ਜ਼ਿਆਦਾ, ਕੁਹਰਾਮ ਹੋਰ ਕਿਹੜਾ।

ਦਿੰਦੀ ਹੈ ਗ਼ਜ਼ਲਗੋਈ, ਹੋਕਾ ਮੁਹੱਬਤਾਂ ਦਾ,
'ਹਰਚਰਨ' ਇਸ ਤੋਂ ਦਿਲਕਸ਼, ਪੈਗ਼ਾਮ ਹੋਰ ਕਿਹੜਾ।

•

✵

ਕਦੇ ਜਦ ਛਿੜ ਪਿਆ ਕਿਧਰੇ ਨਾ-ਹੱਕੀ ਮਾਰ ਦਾ ਕਿੱਸਾ।
ਤਦੋਂ ਹੀ ਤੂਲ ਪਕੜੇਗਾ ਕਿਸੇ ਜ਼ਰਦਾਰ ਦਾ ਕਿੱਸਾ।

ਤੁਰੇ ਤਾਂ ਕਿਉਂ ਤੁਰੇ ਕਿਰਸਾਨ-ਕਾਮੇ ਖ਼ੁਦਕੁਸ਼ੀ ਰਸਤੇ,
ਹਕੀਕਤ ਅਰਜ਼ ਕਰਦਾ ਹੈ ਸਿਰਫ਼ ਸਰਕਾਰ ਦਾ ਕਿੱਸਾ।

ਕਫ਼ਨ, ਚਾਰਾ, ਹਵਾਲਾ, ਹਰ ਘੁਟਾਲਾ ਮੂੰਹ ਚਿੜਾਏਗਾ,
ਜਦੋਂ ਵੀ ਯਾਦ ਆਏਗਾ ਕਿਸੇ ਗੱਦਾਰ ਦਾ ਕਿੱਸਾ।

ਅਜੋਕੀ ਬੇ-ਅਸੂਲੀ ਰਾਜਨੀਤੀ ਛਟ-ਪਟਾਏਗੀ,
ਜਦੋਂ ਕਦਰਾਂ ਦੇ ਵਿਹੜੇ ਛਿੜ ਪਿਆ ਤ੍ਰਿਸਕਾਰ ਦਾ ਕਿੱਸਾ।

ਸਿਫ਼ਾਰਸ਼, ਰਿਸ਼ਵਤਾਂ, ਵੱਢੀਆਂ ਦਾ ਚਿਹਰਾ ਤਮਤਮਾਏਗਾ,
ਜਦੋਂ ਚਰਚਾ ਚਲਾਏਗਾ ਕਿਸੇ ਹੱਕਦਾਰ ਦਾ ਕਿੱਸਾ।

ਸਦਾ ਦਸਮੇਸ਼, ਦਿੱਲੀ, ਤੇਗ਼, ਔਰੰਗਜ਼ੇਬ, ਅਬਦਾਲੀ,
ਉਦੋਂ ਵੰਗਾਰਦੇ ਜਦ ਵੀ ਤੁਰੇ ਤਲਵਾਰ ਦਾ ਕਿੱਸਾ।

ਭਿਵੰਡੀ, ਕਾਨ੍ਹਪੁਰ, ਬੰਬੇ, ਮੁਰਾਦਾਬਾਦ ਦੇ ਦੰਗੇ,
ਸੁਣਾਉਂਦੇ-ਲਾ-ਮਿਸਾਲੀ ਸੋਚ-ਹਾਹਾਕਾਰ ਦਾ ਕਿੱਸਾ।

ਧਰਮ ਨਿਰਪੇਖਤਾ ਦੀ ਰਮਜ਼ ਕੁਛ ਕੁਛ ਸਮਝ ਆਉਂਦੀ, ਤਦ,
ਛਿੜੇ ਜਦ ‘ਰਾਮ-ਅੱਲ੍ਹਾ’ ਦਰਮਿਆਂ ਤਕਰਾਰ ਦਾ ਕਿੱਸਾ।

ਕਦੇ ਜਦ ਜ਼ੋਰ ਫੜਦੀ ਹੈ ਦੁਵੱਲੀ ਸਾਂਝ ਦੀ ਚਰਚਾ,
ਉਦੋਂ ਹੀ ਸਿਰ ਉਠਾਏ ਆਣ ਪਰਲੇ ਪਾਰ ਦਾ ਕਿੱਸਾ।

ਜਦੋਂ ਬੈਠੇ ਬਿਠਾਏ ਕਾਲਜੇ ਵਿਚ ਹੌਲ ਪੈਂਦਾ ਹੈ,
ਪੁਰਾਣਾ ‘ਬਿਰਖ’ ਕੋਈ ਛੇੜਦਾ ਫਿਰ ਬਾਰ ਦਾ ਕਿੱਸਾ।

ਤੁਰੇਗੀ ਜਦ ਮਨੁੱਖੀ ਵੇਦਨਾ-ਬੇਗਾਨਗੀ ਦੀ ਗੱਲ,
ਤੁਰੇਗਾ ਲਾਜ਼ਮੀ ‘ਹਰਚਰਨ’ ਜਿਹੇ ਫ਼ਨਕਾਰ ਦਾ ਕਿੱਸਾ।

•

✵

ਦਿਸਦਾ ਨਾ ਹਰ ਤਰਫ਼ ਜੇ, ਗ਼ਰਦ-ਔ-ਗ਼ੁਬਾਰ ਅੱਜ ਕੱਲ੍ਹ।
ਹੁੰਦਾ ਨਾ ਜ਼ਿੰਦਗੀ ਤੋਂ, ਬੰਦਾ ਫ਼ਰਾਰ ਅੱਜ ਕੱਲ੍ਹ।

ਬਰਬਾਦੀਆਂ ਦੇ ਜੇ ਨਾ, ਦਿਸਦੇ ਆਸਾਰ ਅੱਜ ਕੱਲ੍ਹ।
ਹੁੰਦਾ ਨਾ ਹਰ ਕਦਮ ਤੇ, ਬੰਦਾ ਲਾਚਾਰ ਅੱਜ ਕੱਲ੍ਹ।

ਬੁਖਲਾਏ, ਛਟਪਟਾਏ, ਤੱਕ ਤੱਕ ਕੇ ਤਿਲਮਿਲਾਏ,
ਦਿਸਦੀ ਜੋ ਆਦਮੀ ਨੂੰ, ਕੱਲ੍ਹ ਦੀ ਨੁਹਾਰ ਅੱਜ ਕੱਲ੍ਹ।

ਪਹਿਲੀ ਤਰੀਕ ਨੂੰ ਹੀ ਹਰ ਜ਼ੇਬ ਮੂੰਹ ਚਿੜਾਏ,
ਲੈਂਦਾ ਹੈ ਚਾਹੇ ਕੋਈ, ਵੀਹ-ਤੀਹ ਹਜ਼ਾਰ ਅੱਜ ਕੱਲ੍ਹ।

ਵਿੱਦਿਆ ਦੇ ਮੰਦਿਰਾਂ ਵਿੱਚ, ਉੱਲੂ ਨਾ ਬੋਲਦੇ ਇੰਝ,
ਪੜ੍ਹ ਲਿਖ ਕੇ ਜੇ ਨਾ ਹੁੰਦਾ, ਬੰਦਾ ਖ਼ੁਆਰ ਅੱਜ ਕੱਲ੍ਹ।

ਬਿੱਲਾਂ ਦੇ ਖ਼ਰਚਿਆਂ ਦੇ ਵਧਦੇ ਆਕਾਰ ਤੱਕ ਤੱਕ,
ਚੜ੍ਹਦਾ ਹੈ ਆਦਮੀ ਨੂੰ, ਪਲ ਪਲ ਬੁਖ਼ਾਰ ਅੱਜ ਕੱਲ੍ਹ।

ਮਾਸੂਮੀਅਤ-ਸ਼ਰਾਫ਼ਤ ਇਉਂਕਰ ਨਾ ਛਟਪਟਾਉਂਦੀ,
ਬਣਦਾ ਨਾ ਆਦਮੀ ਜੇ, ਥਾਂ ਥਾਂ ਮੱਕਾਰ ਅੱਜ ਕੱਲ੍ਹ।

ਪੰਜਾਬ ਦੀ ਜਵਾਨੀ ਪਿੱਛਾ ਨਾ ਜੇ ਦਿਖਾਉਂਦੀ,
ਕਿਉਂਕਰ ਪੰਜਾਬ ਬਣਦਾ, ਦਿਨ ਦਿਨ ਬਿਹਾਰ ਅੱਜ ਕੱਲ੍ਹ।

'ਦੁਨੀਆਂ ਦੇ ਅੰਨ-ਦਾਤੇ', ਪੱਲਾ ਨਾ ਇੰਜ ਫੈਲਾਉਂਦੇ,
ਪੈਂਦੀ ਨਾ ਜੇ ਸੁਤੇ-ਸਿੱਧ, ਕੁਦਰਤ ਦੀ ਮਾਰ ਅੱਜ ਕੱਲ੍ਹ।

ਹੁੰਦਾ ਨਾ ਜੇ ਕਦੇ ਇਹ, ਰਫ਼ਤਾਰ ਦਾ ਜ਼ਮਾਨਾ,
ਦਿਸਦਾ ਨਾ ਬਾਲ ਹਰ ਇਕ, ਜੰਮਦਾ ਉਡਾਰ ਅੱਜ ਕੱਲ੍ਹ।

ਉਠ ਉਠ ਕੇ ਰਾਤ ਸਾਰੀ ਅੱਖੀਆਂ 'ਚ ਨਾ ਲੰਘਾਉਂਦੇ,
ਗੱਲ ਗੱਲ ਤੇ ਜੇ ਨਾ ਲਗਦਾ, ਦਾਅ ਤੇ ਵੱਕਾਰ ਅੱਜ ਕੱਲ੍ਹ।

ਐਨੀ ਵੀ ਬੇਤੁਕੀ ਨਾ ਹੁੰਦੀ ਹਿਯਾਤ ਆਪਣੀ,
ਆਉਂਦਾ ਨਾ ਹਰ ਤਰਫ਼ ਜੇ, ਐਨਾ ਨਿਘਾਰ ਅੱਜ ਕੱਲ੍ਹ।

•

✯

ਹੁੰਦੀ ਨਾ ਜੇ ਬਨਾਵਟ, ਹਰ ਤਰਫ਼ ਸ਼ਹਿਰ ਅੰਦਰ।
ਤੱਕਦੇ ਨਾ ਛਟਪਟਾਹਟ, ਹਰ ਤਰਫ਼ ਸ਼ਹਿਰ ਅੰਦਰ।

ਈਮਾਨ ਆਦਮੀ ਦਾ, ਕੋਈ ਲੈ ਗਿਆ ਚੁਰਾ ਕੇ,
ਜਾਰੀ ਹੈ ਫੁਸਫੁਸਾਹਟ, ਹਰ ਤਰਫ਼ ਸ਼ਹਿਰ ਅੰਦਰ।

ਬੇਗਾਨਗੀ ਦਾ ਦਾਨਵ ਇਉਂਕਰ ਨਾ ਸਿਰ ਉਠਾਉਂਦਾ,
ਆਉਂਦੀ ਨਾ ਜੇ ਗਿਰਾਵਟ, ਹਰ ਤਰਫ਼ ਸ਼ਹਿਰ ਅੰਦਰ।

ਇਹ ਲਾਲਸਾ ਦਾ ਘੋੜਾ, ਸਰਪਟ ਨਾ ਦੌੜਦਾ ਜੇ,
ਤੱਕਦੇ ਨਾ ਫਿਰ ਥਕਾਵਟ, ਹਰ ਤਰਫ਼ ਸ਼ਹਿਰ ਅੰਦਰ।

ਇਸ ਜ਼ਿੰਦਗੀ ਦਾ ਚਿਹਰਾ, ਕਿਉਂਕਰ ਨਾ ਖਿੜਖਿੜਾਉਂਦਾ,
ਦਿਸਦੀ ਜੇ ਮੁਸਕਰਾਹਟ, ਹਰ ਤਰਫ਼ ਸ਼ਹਿਰ ਅੰਦਰ।

ਕੋਨਾ ਕੋਈ ਸੁਰੱਖਿਅਤ ਪੰਛੀ ਲਈ ਜੇ ਹੁੰਦਾ,
ਮਰਦੀ ਨਾ ਚਹਿਚਹਾਹਟ, ਹਰ ਤਰਫ਼ ਸ਼ਹਿਰ ਅੰਦਰ।

ਤਿਰਸ਼ੂਲ ਤੇ ਛੁਰਾ ਜੇ, ਤੇਵਰ ਨਾ ਇੰਜ ਬਦਲਦੇ,
ਮਚਦੀ ਨਾ ਹੜਬੜਾਹਟ, ਹਰ ਤਰਫ਼ ਸ਼ਹਿਰ ਅੰਦਰ।

ਇਨਸਾਨੀਅਤ ਦੀ ਸ਼ਾਇਦ, ਉੱਘ ਸੁਘ ਮਿਲੀ ਕਿਤੋਂ ਅੱਜ,
ਹੋਈ ਹੈ ਜਗਮਗਾਹਟ, ਹਰ ਤਰਫ਼ ਸ਼ਹਿਰ ਅੰਦਰ।

ਤੁਰਦੀ ਹੈ ਸਹਿਮੇ ਕਦਮੀਂ, ਰਾਹਾਂ ਤੇ ਜ਼ਿੰਦਗੀ ਹੁਣ,
ਆਉਂਦੀ ਹੈ ਰੋਜ਼ ਆਹਟ, ਹਰ ਤਰਫ਼ ਸ਼ਹਿਰ ਅੰਦਰ।

•

✵

ਹਰ ਅੰਗ ਜਰਜਰਾਏ, ਫਿਰ ਵੀ ਮਹਾਨ ਭਾਰਤ।
ਸਭ ਖ਼ਾਬ ਚਰਮਰਾਏ, ਫਿਰ ਵੀ ਮਹਾਨ ਭਾਰਤ।

ਵਹਿਸ਼ਤ-ਬੇਗਾਨਗੀ ਨੇ, ਦਹਿਸ਼ਤ ਦੀਵਾਨਗੀ ਨੇ,
ਉਂਗਲਾਂ ਤੇ ਸਭ ਨਚਾਏ, ਫਿਰ ਵੀ ਮਹਾਨ ਭਾਰਤ।

ਹਰ ਸ਼ਾਖ਼ ਹਰ ਲਗਰ ਤੇ, ਗੁਲਸ਼ਨ ਦੇ ਹਰ ਸ਼ਜ਼ਰ ਤੇ,
ਬਰਬਾਦੀਆਂ ਦੇ ਸਾਏ, ਫਿਰ ਵੀ ਮਹਾਨ ਭਾਰਤ।

ਹਰ ਪੰਧ ਹਰ ਡਗਰ ਤੇ, ਬਸਤੀ ਦੇ ਹਰ ਬਸ਼ਰ ਤੇ,
ਬੱਦਲ ਗ਼ਮਾਂ ਦੇ ਛਾਏ, ਫਿਰ ਵੀ ਮਹਾਨ ਭਾਰਤ।

ਹਰ ਨਾ-ਖ਼ੁਦਾ, ਖ਼ੁਦਾ ਅੱਜ, ਹਰ ਸ਼ਖ਼ਸ ਗ਼ਮਜ਼ਦਾ ਅੱਜ,
ਮੰਜ਼ਿਲ ਨਜ਼ਰ ਨਾ ਆਏ, ਫਿਰ ਵੀ ਮਹਾਨ ਭਾਰਤ।

ਪੱਛਮ ਦੀ ਤਾਲ ਉੱਤੇ, ਥਿਰਕੇ ਤੇ ਸਿਰ ਹਿਲਾਏ,
ਸੱਭਿਤਾ ਦੀ ਰਟ ਲਗਾਏ, ਫਿਰ ਵੀ ਮਹਾਨ ਭਾਰਤ।

ਹਰ ਸੋਚ ਤੁਗ਼ਲਕੀ ਅੱਜ, ਹਰ ਪਹੁੰਚ ਤੁਗ਼ਲਕੀ ਅੱਜ,
ਹਰ ਸ਼ਖ਼ਸ ਛਟਪਟਾਏ, ਫਿਰ ਵੀ ਮਹਾਨ ਭਾਰਤ।

ਤਦਅਰਥਤਾ ਦੀ ਪਿੱਠ ਤੇ, ਹੋ ਕੇ ਸਵਾਰ ਨਿਤ ਦਿਨ,
ਗਿਣ ਗਿਣ ਕੇ ਦਿਨ ਟਪਾਏ, ਫਿਰ ਵੀ ਮਹਾਨ ਭਾਰਤ।

ਪੀ.ਐਮ. ਤੋਂ ਮੰਤਰੀ ਤੱਕ, ਸੀ.ਐਮ. ਤੋਂ ਸੰਤਰੀ ਤੱਕ,
ਦਿਨ ਰਾਤ ਦਾਅ ਤਕਾਏ, ਫਿਰ ਵੀ ਮਹਾਨ ਭਾਰਤ।

ਚਾਂਦੀ ਦੀ ਚਮਕ ਤੱਕ ਕੇ, ਸਿੱਕੇ ਦੀ ਖ਼ਨਕ ਸੁਣ ਕੇ,
ਈਮਾਨ ਫਿਸਲ ਜਾਏ, ਫਿਰ ਵੀ ਮਹਾਨ ਭਾਰਤ।

•

✵

ਹੋ ਹੀ ਗਿਆ ਸਫ਼ਰ ਦਾ ਆਗ਼ਾਜ਼ ਹੌਲੀ ਹੌਲੀ।
ਭਰਦਾ ਉਕਾਬ ਮਨ ਦਾ ਪਰਵਾਜ਼ ਹੌਲੀ ਹੌਲੀ।

ਘੜਦੀਂ ਹੈ ਕਲਮ ਨਿਸਦਿਨ ਨਖ਼ਸ਼ਿਖ਼ ਗ਼ਜ਼ਲ ਦੇ ਜਿਉਂਕਰ,
ਬਣਕੇ ਰਹੇਗਾ ਵੱਖਰਾ, ਅੰਦਾਜ਼ ਹੌਲੀ ਹੌਲੀ।

ਮਤਲਾ, ਬਹਿਰ, ਵਜ਼ਨ ਕੀ, ਮਕਤਾ, ਰਦੀਫ਼, ਮਿਸਰਾ,
ਖੁੱਲ੍ਹਦਾ ਹੀ ਜਾ ਰਿਹਾ ਹੈ, ਹਰ ਰਾਜ਼ ਹੌਲੀ ਹੌਲੀ।

ਸ਼ਿੱਦਤ ਜੋ ਦਰਦ ਗ਼ਮ ਦੀ ਅਕਸਰ ਬਿਆਨਦੇ ਨੇ,
ਦਿੰਦੇ ਨੇ ਦਿਲ ਤੇ ਦਸਤਕ ਅਲਫ਼ਾਜ਼ ਹੌਲੀ ਹੌਲੀ।

ਕਰਦਾ ਰਿਹਾ ਜੇ ਬੇ-ਸਿਰ, ਬੇ-ਪੈਰ ਟੀਕਾ-ਟਿੱਪਣੀ,
ਖੁੱਲ੍ਹ ਕੇ ਰਹੂ ਨਜ਼ਰ ਦਾ ਫਿਰ ਪਾਜ਼ ਹੌਲੀ ਹੌਲੀ।

ਹੁੰਦਾ ਰਿਹਾ ਜੇ ਏਦਾਂ ਖਿਲਵਾੜ ਜ਼ਿੰਦਗੀ ਨਾ,
ਚਿੜੀਆਂ ਨੇ ਅੰਤ ਬਣਨਾ, ਫਿਰ ਬਾਜ਼ ਹੌਲੀ ਹੌਲੀ।

ਬਣਦੀ ਹੀ ਜਾ ਰਹੀ ਹੈ 'ਹਰਚਰਨ' ਦੀ ਗ਼ਜ਼ਲ ਹੁਣ,
ਗ਼ੈਰਾਂ ਦੇ ਦਰਦ ਗ਼ਮ ਦੀ ਆਵਾਜ਼ ਹੌਲੀ ਹੌਲੀ।

•

✵

ਉਡਣੇ ਤੋਂ ਪਹਿਲਾਂ ਜੇ ਪਰ ਤੋਲ ਲੈਂਦਾ।
ਉਚਾਈਆਂ ਤੋਂ ਡਿਗਣੇ ਦਾ ਸੰਸਾ ਨਾ ਰਹਿੰਦਾ।

ਕਦਮ-ਦਰ-ਕਦਮ ਜੇ ਉਹ ਗਲਤੀ ਨਾ ਕਰਦਾ,
ਭਲੇ ਪੁਰਸ਼ ਨੂੰ ਕੌਣ ਇਨਸਾਨ ਕਹਿੰਦਾ।

ਅਲੋਕਾਰੀ ਕੋਈ ਨਹੀਂ ਇਸ ਜਹਾਂ ’ਤੇ,
ਜੇ ਜੰਗਲ ’ਚ ਕੋਈ ਕਿਤੇ ਬਾਂਸ ਖਹਿੰਦਾ।

ਕੜੀ-ਕਿਰਸ ਉਸ ਨੂੰ ਕਦੋਂ ਰਾਸ ਆਉਂਦੀ,
ਉਹ ਦਰਿਆ ਹਮੇਸ਼ਾਂ ਜਲੌਅ ਨਾਲ ਵਹਿੰਦਾ।

ਸਮੇਂ ਸਿਰ ਜੇ ਵਾਰਿਸ ਖ਼ਬਰਸਾਰ ਲੈਂਦੇ,
ਕਿਲਾ ਆਰਜ਼ੂ ਦਾ ਨਾ ਤਿੜਦਾ ਨਾ ਢਹਿੰਦਾ।

ਸਲਾਹ-ਮਸ਼ਵਰੇ ਤੇ ਜ਼ਰਾ ਗ਼ੌਰ ਕਰਦੇ,
ਤਾਂ ਬੇੜਾ ਹਯਾਤੀ ਦਾ ਹਰਗਿਜ਼ ਨਾ ਬਹਿੰਦਾ।

ਖ਼ੌਲਦੇ ਸ਼ੀਰ ਨੇ ਤਨ ਜਲਾਇਆ ਨਾ ਹੁੰਦਾ,
ਤਾਂ ਲੱਸੀ ਨੂੰ ਤੱਕ ਤੱਕ ਨਾ ਦਿਲ ਵਿੱਚ ਤ੍ਰਹਿੰਦਾ।

ਜੇ ਤੇਰੇ ਇਰਾਦੇ ਤੋਂ ਵਾਕਿਫ਼ ਨਾ ਹੁੰਦਾ,
ਸਬਰ ਨਾਲ ਜ਼ੁਲਮੋਂ-ਸਿਤਮ ਕਿੰਝ ਸਹਿੰਦਾ।

ਜ਼ੁਬਾਨੀ ਜ਼ੁਬਾਨੀ ਨਹੀਂ ਪੁੱਤ ਵੰਡਦਾ,
ਮੈਂ ਕਰਦਾ ਹਾਂ ਉਹ ਜੋ ਜ਼ੁਬਾਨੋਂ ਹਾਂ ਕਹਿੰਦਾ।

•

✵

ਆਪਣੇ ਲਈ ਜੀਏ 'ਗ਼ਰ, ਕਾਹਦੀ ਇਹ ਜ਼ਿੰਦਗੀ ਫਿਰ।
ਸੁਖ ਆਪਣੀਂ ਮਨਾਈ, ਕਾਹਦੀ ਇਹ ਬੰਦਗੀ ਫਿਰ।

ਹੁੰਦਿਆਂ ਜੇ ਲੋੜ ਵੇਲੇ ਕੀਤੀ ਨਾ ਗ਼ਰਜ਼ ਪੂਰੀ,
ਏਦੂੰ ਜ਼ਿਆਦਾ ਹੋਊ, ਕਿਹੜੀ ਕਮੀਨਗ਼ੀ ਫਿਰ।

ਹਮਰਾਜ਼ ਕਹਿ ਕੇ ਪਰਦਾ ਪਰਛਾਵਿਆਂ ਤੋਂ ਕਰਨੈਂ,
ਹਮਦਰਦ ਪਿੱਠ ਦਿਖਾਵਣ ਕਾਹਦੀ ਹੈਰਾਨਗੀ ਫਿਰ।

ਫ਼ੋਕੇ ਅਹੰ ਦੀ ਚਾਦਰ, ਤਣਦੀ ਜਦੋਂ ਚੁਫ਼ੇਰੇ,
ਚਾਰੋਂ ਤਰਫ਼ ਫ਼ਿਜ਼ਾ ਵਿੱਚ ਦਿਸਦੀ ਬੇਗਾਨਗੀ ਫਿਰ।

ਦਿਨ ਰਾਤ ਬਹਿੰਦੇ-ਉਠਦੇ ਕਰਨੀ ਜੇ ਜੀ -ਹਜ਼ੂਰੀ,
ਇਸ ਤੋਂ ਜ਼ਿਆਦਾ ਹੋਊ, ਕਿਹੜੀ ਅਧੀਨਗੀ ਫਿਰ।

ਗ਼ੈਰਾਂ ਦੇ ਦਰਦ ਕਾਰਨ, ਉਠਦਾ ਨਹੀਂ ਕਦਮ ਜੇ,
ਕਾਹਦਾ ਜਨੂੰਨ ਸਿਰ ਨੂੰ, ਕਾਹਦੀ ਦੀਵਾਨਗੀ ਫਿਰ।

ਨਾ ਫ਼ੋਨ ਨਾ ਸੁਨੇਹਾ, ਸੱਦਾ, ਲਗਨ ਨਾ ਚਾਹਤ,
ਕਾਹਦਾ ਗਿਲਾ ਕਿਸੇ ਤੇ, ਕਾਹਦੀ ਨਰਾਜ਼ਗੀ ਫਿਰ?

ਸੁਖ-ਚੈਨ-ਬੀਵੀ-ਬੱਚੇ ਤੱਕਣੇ ਨਹੀਂ ਗਵਾਰਾ,
ਪੱਸਰੇ ਨਾ ਕਿੰਝ ਫ਼ਿਜ਼ਾ ਵਿਚ, ਐਨੀ ਵੀਰਾਨਗੀ ਫਿਰ।

'ਹਰਚਰਨ' ਹਮਸਫ਼ਰ ਜੇ, ਦਿੰਦੇ ਨਾ ਸਾਥ ਐਨਾ,
ਹੁੰਦੀ ਨਾ ਫੇਰ ਮੁਮਕਿਨ, ਐਨੀ ਆਵਾਰਗੀ ਫਿਰ।

•

✵

ਕਿਹਾ ਜੋ ਕਰ ਦਿਖਾਵਾਂਗੇ, ਇਹ ਉਹ ਵੀਂ ਜਾਣਦਾ, ਮੈਂ ਵੀ।
ਮੁਕੱਦਰ ਖ਼ੁਦ ਬਣਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

ਹੈ ਹਰ ਰਸਤਾ ਬਿਸ਼ੱਕ ਮੁਸ਼ਕਿਲ, ਡਗਰ ਹਰ ਇਕ ਹੈ ਕੰਡਿਆਲੀ,
ਸਫ਼ਰ ਤੈਅ ਕਰ ਹੀ ਜਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

ਨਾ-ਮੁਮਕਿਨ ਸ਼ਬਦ ਦਾ ਹਊਆ ਦਿਲਾਂ ਤੋਂ ਮੇਟ ਕੇ ਇਕ ਦਿਨ,
ਸਰ੍ਹੋਂ ਹੱਥ ਤੇ ਉਗਾਵਾਂਗੇ, ਇਹ ਉਹ ਵੀਂ ਜਾਣਦਾ, ਮੈਂ ਵੀ।

ਦਿਸ਼ਾ-ਨਿਰਦੇਸ਼ ਬਿਨ ਚਿਰ ਤੋਂ, ਕਿਨਾਰੇ ਭਾਲਦੀ ਕਿਸ਼ਤੀ,
ਭੰਵਰ 'ਚੋਂ ਪਾਰ ਲਾਵਾਂਗੇ, ਇਹ ਉਹ ਵੀ ਜਾਣਦਾ ਮੈਂ ਵੀ।

ਨਾ ਲੱਕੜ ਹਾਂ ਨਾ ਪੱਥਰ ਹਾਂ, ਮਹਿਜ਼ ਬੱਸ ਆਈਨੇ ਆਪਾਂ,
ਤਿੜਕਦੇ ਤਿੜਕ ਜਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

ਸਿਰਾਂ ਵਿਚ ਖ਼ਾਕ ਉਡ ਉਡ ਕੇ, ਪਊ ਫਿਰ ਆਪਣੇ ਸਾਰੀ,
ਜੇ ਕੁੱਕੜ ਖੇਹ ਉਡਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

ਮਿਟਾਂ ਕੇ ਨਕਸ਼ ਨਫ਼ਰਤ ਦੇ, ਦਿਲਾਂ ਵਿੱਚ ਮੁੜ ਮੁਹੱਬਤ ਦੀ,
ਇਬਾਰਤ ਕਰ ਹੀ ਜਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

ਮਹੱਲਾਂ ਬੰਗਲਿਆਂ ਦੇ ਮਰਮਰੀ ਜੰਗਲ ਤੋਂ ਕੁਛ ਹਟ ਕੇ,
ਅਸੀਂ ਇਕ 'ਘਰ' ਬਣਾਵਾਂਗੇ, ਇਹ ਉਹ ਵੀ ਜਾਣਦਾ, ਮੈਂ ਵੀ।

•

✵

ਉਠਿਆ ਤੂਫ਼ਾਨ ਅੰਦਰ ਇਹ ਸੋਚ ਸੋਚ ਕੇ।
ਮਿਲਦਾ ਕੀ ਅਹਿਮਕਾਂ ਨੂੰ ਸੀਨਾ ਖ਼ਰੋਚ ਕੇ।

ਕਿੰਨੀ ਅਜੀਬ ਫ਼ਿਤਰਤ! ਕੀ ਖ਼ੂਬ ਦਿਲਲਗੀ,
ਲੱਭਦੇ ਸਕੂਨ ਦਿਲ ਦਾ, ਹਸਰਤ ਨੂੰ ਨੋਚ ਕੇ।

ਢਾਏਗਾ ਕਹਿਰ ਕਿੰਨਾ ਕਿਉਂਕਰ ਨਾ ਸੋਚਿਆ,
ਤੇਰਾ ਇਵੇਂ ਗੁਜ਼ਰਨਾ ਪੱਲਾ ਸੰਕੋਚ ਕੇ।

ਐਨੇ ਵੀ ਕਿਉਂ ਖ਼ਫ਼ਾ ਹੋ, ਐਨੀ ਵੀ ਕੀ ਸਜ਼ਾ,
ਕੀਤੀ ਖ਼ਤਾ ਕੀ ਐਸੀ, ਚਾਹਤ ਨੂੰ ਲੋਚ ਕੇ।

ਚਾਰਾਗਰੀ ਨਾ-ਮੁਮਕਿਨ ਇਸ ਬੇਲਗ਼ਾਮ ਦੀ,
ਰੱਖਾਂ ਤਾਂ ਕਿੰਝ ਰੱਖਾਂ ਦਿਲ ਨੂੰ ਦਬੋਚ ਕੇ।

ਸੀਰਤ ਵੀ ਕਾਸ਼! ਹੁੰਦੀ, ਸੂਰਤ ਜਿਹੀ ਕਿਤੇ,
ਕਰਦਾ ਹੈ ਗੱਲ ਹਮੇਸ਼ਾਂ, ਜੋ ਪੋਚ ਪੋਚ ਕੇ।

ਕੁਤਰੇਗੀ ਇਹ ਦੁਵੱਲਿਉਂ 'ਹਰਚਰਨ' ਯਾਦ ਰੱਖ,
ਦੁਨੀਆਂ ਦੁਵੱਲੀ ਦਾਤੀ, ਰੱਖ ਪੈਰ ਬੋਚ ਕੇ।

•

✵

ਕਰਦੀ ਨਹੀਂ ਅਸਰ ਹੁਣ, ਉਸ ਤੇ ਦਲੀਲ ਕੋਈ।
ਰੋਕੇਗੀ ਕਿੰਞ ਆਖਰ, ਉਸ ਨੂੰ ਫ਼ਸੀਲ ਕੋਈ।

ਕਿਉਂ ਵਾਰ ਵਾਰ ਐਦਾਂ, ਕਰਦੇ ਹੋ ਵਾਰ ਦਿਲ ਤੇ,
ਕਿੰਨੀ ਕੁ ਦੇਰ ਆਖਰ, ਹੋਊ ਜ਼ਲੀਲ ਕੋਈ।

ਅਕਲਾਂ ਦੇ ਬਾਝ ਬੇਸ਼ੱਕ, ਹਰ ਤਰਫ਼ ਮੌਜ-ਮਸਤੀ,
ਕੀ ਦੋਸ਼ ਉਸ ਬਸ਼ਰ ਦਾ, ਜੇਕਰ ਅਸੀਲ ਕੋਈ।

ਇਹ ਕੌਣ ਹੈ ਜੋ ਹਰ ਪਲ, ਤਨ ਮਨ ਦਾ ਮਾਸ ਨੋਚੇ,
ਬੇਸ਼ੱਕ ਨਜ਼ਰ ਦੁੜਾਇਆਂ, ਦਿਸਦੀ ਨ ਚੀਲ ਕੋਈ।

ਗੁਰਦਕਸ਼ਣਾਂ ਦੀ ਐਨੀ, ਕਰਦੇ ਹਾਂ ਕਿਉਂ ਤਵੱਕੋ,
ਨਾ ਖ਼ੁਦ ਦਰੋਣ ਆਪਾਂ, ਦਿਸਦਾ ਨਾ ਭੀਲ ਕੋਈ।

ਇਕ ਉਮਰ ਤੀਕ ਜਿਸਨੂੰ, ਹਰਗਿਜ਼ ਨਾ ਨਾਪ ਸਕਿਆ,
ਸਾਗਰ ਅਨੰਤ ਹੈ ਜਾਂ, ਸ਼ਾਇਦ ਹੈ ਝੀਲ ਕੋਈ।

ਕਰਦਾ ਹੈ ਸ਼ਿਅਰ ਹਰ ਇਕ ਅੱਜ ਓਸ ਦੀ ਵਕਾਲਤ,
'ਹਰਚਰਨ' ਬਾਝ ਜਿਸਦਾ, ਹੁਣ ਨਾ ਵਕੀਲ ਕੋਈ।

•

✯

ਤਾ-ਉਮਰ ਇਸ ਤਰ੍ਹਾਂ ਜੇ ਉਲਝਦੇ ਰਹੇ,
ਨਕਸ਼ ਜੀਵਨ ਦੇ ਕਿੱਦਾਂ ਸਵਾਰੋਗੇ ਫਿਰ?
ਵਕਤ ਸਿਰ ਜੇ ਸਮੇਂ ਦੀ ਸਦਾ ਨਾ ਸੁਣੀ,
ਬੀਤੇ ਲਮ੍ਹਿਆਂ ਨੂੰ ਬਹਿ ਬਹਿ ਪੁਕਾਰੋਗੇ ਫਿਰ।

ਵਿਹਲੇ ਬਹਿ ਬਹਿ ਕੇ ਵੇਲਾ ਟਪਾਉਂਦੇ ਰਹੇ,
ਨੁਕਸ ਵਿਹੜੇ ਦੇ ਗਿਣ ਗਿਣ ਸੁਣਾਉਂਦੇ ਰਹੇ,
ਵੈਰੀ ਦੁਸ਼ਮਣ ਫੇ' ਹੀਲਾ ਕਰੇ ਨਾ ਕਰੇ,
ਬਾਜ਼ੀ ਖ਼ੁਦ ਆਪਣੇ ਹੱਥੋਂ ਹੀਂ ਹਾਰੋਗੇ ਫਿਰ।

ਰੋਣੀਂ ਸੂਰਤ ਜੇ ਏਦਾਂ ਬਣਾਉਂਦੇ ਰਹੇ,
ਕਤਰਿਆਂ ਵਿੱਚ ਜੇ ਆਪਾ ਮੁਕਾਉਂਦੇ ਰਹੇ,
ਚਿਣਗ ਬੁਝਦੀ ਸਮੇਂ ਸਿਰ ਮਘਾ ਨਾ ਸਕੇ,
ਅਕਸ ਜੀਵਨ ਦਾ ਕਿੱਦਾਂ ਨਿਖਾਰੋਗੇ ਫਿਰ?

ਨਿੱਜੀ ਰੋਣੇ ਅਦਬ ਵਿੱਚ ਜੇ ਰੋਂਦੇ ਰਹੇ,
ਕੀਰਨੇ ਹਰ ਨਜ਼ਮ ਵਿੱਚ ਜੇ ਪਾਉਂਦੇ ਰਹੇ,
ਨਿੱਜੀ ਹਿੱਤਾਂ ਤੋਂ ਜੇ ਨਾ ਉਤਾਂਹ ਉਠ ਸਕੇ,
ਗ਼ੈਰ ਖਾਤਿਰ ਕਿਵੇਂ ਜਾਨ ਵਾਰੋਗੇ ਫਿਰ?

ਮਾਤ-ਬੋਲੀ ਤੋਂ ਨਜ਼ਰਾਂ ਚੁਰਾਉਂਦੇ ਹੋ ਨਿੱਤ,
ਨਕਸ਼ ਰਲ ਮਿਲ ਕੇ ਇਸ ਦੇ ਮਿਟਾਉਂਦੇ ਹੋ ਨਿੱਤ,
ਸਾਰ ਇਸ ਦੀ ਸਮੇਂ ਸਿਰ ਜੇ ਲੈ ਨਾ ਸਕੇ,
ਕਰਜ਼ ਮਾਂ ਦਾ ਸਿਰੋਂ ਕਿੰਝ ਉਤਾਰੋਗੇ ਫਿਰ?

ਘਰ ਤੁੜਾ ਕੇ ਜੇ ਬੰਗਲੇ ਛਤਾਉਂਦੇ ਰਹੇ,
ਨਕਸ਼ ਸਾਂਝਾਂ ਦੇ ਜੇਕਰ ਮਿਟਾਉਂਦੇ ਰਹੇ,
ਅਜਨਬੀਅਤ ਚੁਫ਼ੇਰੇ ਫੈਲਾਇਗੀ ਫ਼ਨ,
ਏਸ ਸੱਚ ਨੂੰ ਕਦੋਂ ਤੱਕ ਨਕਾਰੋਗੇ ਫਿਰ?

ਇੰਜ ਦਿਨੋ-ਦਿਨ ਜੇ ਦਾਇਰੇ ਸੁੰਗੜਦੇ ਰਹੇ,
ਖੋਲ ਆਪਣੇ 'ਚ ਜੇਕਰ ਸਿਮਟਦੇ ਰਹੇ,
ਰਾਤ ਜੀਵਨ ਦੀ ਲੰਮੀ ਹਨੇਰੀ ਜਿਹੀ,
ਮੋਹ ਮੁਹੱਬਤ ਬਿਨਾਂ ਕਿੰਝ ਗੁਜ਼ਾਰੋਗੇ ਫਿਰ।

ਗ਼ੈਰ ਦਾ ਜੀਣ ਦੂਭਰ ਬਣਾਓਗੇ ਜੇ,
ਖ਼ਾਰ ਰਾਹਾਂ 'ਚ ਉਸ ਦੇ ਵਿਛਾਓਗੇ ਜੇ,
ਦੇਖਿਓ! ਰਾਹ ਤੁਹਾਡੇ ਵੀ ਬਚਣੇ ਨਹੀਂ,
ਕੰਡੇ ਰਾਹਾਂ 'ਚੋਂ ਕਿੱਦਾਂ ਬੁਹਾਰੋਗੇ ਫਿਰ।

ਰਿਸ਼ਤਿਆਂ ਤੋਂ ਅਗਰ ਮੂੰਹ ਭੁਆਉਂਦੇ ਰਹੇ,
ਅੰਗ ਸਾਕਾਂ ਨੂੰ ਪਿੱਠ ਜੇ ਦਿਖਾਉਂਦੇ ਰਹੇ,
ਜ਼ਿੰਦਗੀ ਦੇ ਹੁਸੀਂ ਖ਼ਾਬ ਸਿਰਜਣ ਸਮੇਂ,
ਭੈਣ ਭਾਈਆਂ ਬਿਨਾਂ ਕਿੰਝ ਸਾਰੋਗੇ ਫਿਰ?

ਲਾਲਸਾ ਹਰ ਘੜੀ ਜੇ ਸਤਾਉਂਦੀ ਰਹੀ,
ਹਰ ਖਵਾਹਿਸ਼ ਵੀ ਸਿਰ ਜੇ ਉਠਾਉਂਦੀ ਰਹੀ,
ਘੋੜਾ ਸਰਪਟ ਜੇ ਸੀਮਾਂ ਉਲੰਘਦਾ ਗਿਆ,
ਨਫ਼ਸ ਉਸ ਦੀ ਉਦੋਂ ਕਿੰਝ ਮਾਰੋਗੇ ਫਿਰ?

ਥੋੜੇ ਰਹਿਮੋ ਕਰਮ ਦੀ ਜ਼ਰੂਰਤ ਨਹੀਂ,
ਮੰਨ-ਮਨਾਈ ਦੀ ਵੀ ਕੋਈ ਸੂਰਤ ਨਹੀਂ,
ਭੁਲ-ਭੁਲੇਖੇ ਵੀ ਪੱਲਾ ਫੈਲਾਇਆ ਅਗਰ,
ਥਾਂ-ਬ-ਥਾਂ ਸਭ ਦੇ ਸਾਹਵੇਂ, ਚਿਤਾਰੋਗੇ ਫਿਰ।

ਸੋਚੇ ਸਮਝੇ ਬਿਨਾਂ ਸਿਰ ਹਿਲਾਉਂਦੇ ਹੋ ਇੰਝ,
ਗ਼ੈਰ ਦੀ ਹਾਂ-'ਚ-ਹਾਂ ਨਿੱਤ ਮਿਲਾਉਂਦੇ ਹੋ ਇੰਝ,
ਸੁਣ ਸੁਣਾ ਕੇ ਜੇ ਫ਼ਤਵੇ ਸੁਣਾਉਂਦੇ ਰਹੇ,
ਤਾਂ ਹਕੀਕਤ ਨੂੰ ਕਿੱਦਾਂ ਨਿਤਾਰੋਗੇ ਫਿਰ?

ਹੁਣ ਤਾਂ ਸੂਰਤ ਵੀ ਤੱਕਣਾ ਗਵਾਰਾ ਨਹੀਂ,
ਖ਼ੈਰ, ਤੱਕੇ ਬਿਨਾਂ ਵੀ ਗੁਜ਼ਾਰਾ ਨਹੀਂ,
ਛੱਡ ਛੁਡਾ, ਗੱਲ ਮੁਕਾ, ਤੁਰ ਗਿਆ ਜੇ ਕਿਤੇ,
ਮੇਰਾ ਜਾਣਾ ਇਵੇਂ ਕਿੰਝ ਸਹਾਰੋਗੇ ਫਿਰ?

•

✯

ਰਹਿਬਰਾਂ ਦੀ ਹਵਸ ਜੇ ਇਵੇਂ ਹੀ ਰਹੀ,
ਦੇਖਿਉ! ਚੰਨ ਨਵਾਂ ਫਿਰ ਚੜ੍ਹਾ ਜਾਣਗੇ,
ਕਰਕੇ ਸੌਦਾ ਕਿਤੇ ਅਣਖ ਈਮਾਨ ਦਾ,
ਵੇਚ ਵੱਟ ਕੇ ਗੁਲਿਸਤਾਨ ਖਾ ਜਾਣਗੇ।

ਲੋਕ-ਦਰਦੀ ਜੋ ਬਣ ਬਣ ਕੇ ਆਉਂਦੇ ਨੇ ਅੱਜ,
ਜਾਲ ਸ਼ਬਦਾਂ ਦਾ ਬੁਣ ਬੁਣ ਲੁਭਾਉਂਦੇ ਨੇ ਅੱਜ,
ਚੋਣ ਦਾ ਸਿਲਸਿਲਾ ਮੁਕਦਿਆਂ ਸਾਰ ਹੀ,
ਬਣ ਕੇ ਮਕਰੇ ਇਹ ਨਜ਼ਰਾਂ ਚੁਰਾ ਜਾਣਗੇ।

ਬਹਿੰਦੇ ਉੱਠਦੇ ਅਸੂਲਾਂ ਦੀ ਕਰਦੇ ਜੋ ਗੱਲ,
ਰੰਗ ਬਦਲਦੇ ਲਗਾਉਂਦੇ ਨੇ ਬਸ ਦੋ ਕੁ ਪਲ,
ਲਾ-ਮਿਸਾਲੀ ਇਹ ਜੱਗ ਤੇ ਕਲਾਬਾਜ਼ ਸਭ,
ਕੁਰਸੀ ਦਿਸਦੇ ਹੀ ਕੌਤਕ ਦਿਖਾ ਜਾਣਗੇ।

ਭਾਈ ਭਾਈ ਨੂੰ ਨਿਸਦਿਨ ਲੜਾਉਂਦੇ ਨੇ ਜੋ,
ਨਿੱਤ ਦਰਿਆ ਲਹੂ ਦੇ ਵਗਾਉਂਦੇ ਨੇ ਜੋ,
ਬੀਜ ਨਫ਼ਰਤ ਦੇ ਇੰਜ ਬੀਜਦੇ ਜੇ ਰਹੇ,
ਖ਼ੂਬ ਮਜ਼ਹਬ ਦੀ ਸੇਵਾ ਨਿਭਾ ਜਾਣਗੇ।

ਲੋਕ-ਸੇਵਾ ਦਾ ਹਰ ਦਮ ਜੋ ਭਰਦੇ ਸੀ ਦਮ,
ਹਰ ਕਦਮ ਤੇ ਜੋ ਕਰਦੇ ਸੀ ਨਜ਼ਰਾਂ ਵੀ ਨਮ,
ਕੀ ਖ਼ਬਰ ਸੀ ਕਿ ਸੇਵਾ ਦੇ ਦੰਭ ਹੇਠ ਉਹ,
ਸੱਤ ਪੁਸ਼ਤਾਂ ਦਾ ਨਾਮਾ ਕਮਾ ਜਾਣਗੇ।

ਨੀਲੇ, ਭਗਵੇਂ, ਹਰੇ ਪਾ ਪਾ ਠਗਦੇ ਨੇ ਜੋ,
ਖ਼ਾਸ ਰੱਬ ਦੇ ਸ਼ਰੀਕੇ 'ਚੋਂ ਲਗਦੇ ਨੇ ਉਹ,
ਆਪੋ ਆਪਣੀ ਜੇ ਡੱਫਲੀ ਵਜਾਉਂਦੇ ਰਹੇ,
ਰਾਹੀਆਂ ਨੂੰ ਕੁਰਾਹੇ ਉਹ ਪਾ ਜਾਣਗੇ।

ਇਹ ਜੋ ਢੁਕਦੇ ਨੇ ਬਣ ਬਣ ਸਕੇ ਪਾਸ ਨਿੱਤ,
ਮੂੰਹ-ਜ਼ੁਬਾਨੀ ਵਥੇਰਾ ਧਰਾਉਂਦੇ ਨੇ ਚਿੱਤ,
ਛਾ ਗਈ ਜਦ ਘਟਾ ਕਾਲੀ ਅਸਮਾਨ 'ਤੇ,
ਬੇਬਸੀ ਦਾ ਇਹ ਕਿੱਸਾ ਸੁਣਾ ਜਾਣਗੇ।

ਮੂੰਹ ਤੇ ਬਹਿ ਬਹਿ ਜੋ ਸਿਫ਼ਤਾਂ ਦੇ ਬੰਨ੍ਹਦੇ ਨੇ ਪੁਲ,
ਪਿੱਠ ਪਿੱਛੇ ਨਵਾਂ ਨਿੱਤ ਖਿਲਾਉਂਦੇ ਨੇ ਗੁਲ,
ਤੋਤਾ ਚਸ਼ਮੀ ਇਹ ਫਿਤਰਤ ਰਖਾਉਂਦੇ ਨੇ ਸਭ,
ਮੂੰਹ ਫਿਰਾਉਂਦੇ ਤਵਾ ਇਹ ਲਗਾ ਜਾਣਗੇ।

ਦਰਦ ਜਿਹਨਾਂ ਦਾ ਹਰ ਪਲ ਵੰਡਾਉਂਦਾ ਹੈਂ ਤੂੰ,
ਸਾਹਾਂ ਵਿਚ ਸਾਹ ਜਿਨ੍ਹਾਂ ਦੇ ਰਲਾਉਂਦਾ ਹੈ ਤੂੰ,
ਵਕਤ ਲੰਘਦੇ ਹੀ ਬਣ ਬਣ ਸਿਆਣੇ ਇਹ ਸਭ,
ਦੇ ਦੇ ਅਕਲਾਂ ਸਿਆਣਪ ਦਿਖਾ ਜਾਣਗੇ।

ਨਕਸ਼ ਸੋਚਾਂ ਦੇ ਜੇ ਨਾ ਸੁਆਰੇ ਗਏ,
ਖ਼ਾਬ ਧਰਤੀ ਤੇ ਜੇ ਨਾ ਉਤਾਰੇ ਗਏ,
ਸੁਪਨਸਾਜ਼ੀ ਤਲਕ ਮਹਿਜ਼ ਮਹਿਦੂਦ ਸੀ,
'ਹਰਚਰਨ' ਕਿੱਸਾ ਇਹ ਸਾਰੇ ਧੁੰਮਾ ਜਾਣਗੇ।

•

✵

ਆਲਮ-ਫ਼ਾਜ਼ਿਲ ਜੱਗ ਦੇ ਸਾਰੇ ਦਿੰਦੇ ਇਹੋ ਪੈਗ਼ਾਮ।
ਚੜ੍ਹਦੇ ਸੂਰਜ ਨੂੰ ਦੁਨੀਆਂ ਤੇ ਹੁੰਦੀ ਸਦਾ ਸਲਾਮ।

ਅੱਜ ਕੱਲ੍ਹ ਸਾਡੇ ਅੰਬਰ ਸੂਰਜ ਡੁੱਬਿਆ-ਡੁੱਬਿਆ ਜਾਪੇ,
ਏਸੇ ਕਰਕੇ ਮਹਿਰਮ ਖੁੱਲ੍ਹ ਕੇ ਕਰਦੇ ਨਹੀਂ ਕਲਾਮ।

ਸ਼ਾਮ ਸਵੇਰੇ ਸਿਰ ਝੁਕਦੇ ਸੀ ਜਦ ਕੁਰਸੀ ਸੀ ਥੱਲੇ,
ਕੁਰਸੀ ਕੀ ਖਿਸਕੀ ਹੁਣ ਹੁੰਦੀ ਦੂਰੋਂ ਸਾਹਬ-ਸਲਾਮ।

ਸਦਾ ਸਲਾਮਤ ਰਹਿੰਦੀ ਕੁਰਸੀ ਨਾ ਹੁੰਦੇ ਬੇਤਾਜ਼,
ਜੇਕਰ ਬੇਬਾਕੀ ਦੀ ਫੜਦੇ ਘੁੱਟ ਕੇ ਜ਼ਰਾ ਲਗਾਮ।

ਦੁਨੀਆਂ ਦਾ ਹਰ ਜਾਰਜ ਚਾਹਵੇ ਇਕ ਜਾਰਜ ਬੁਸ਼ ਹੋਵੇ,
ਪਰ ਜਾਰਜ ਨੂੰ ਝੱਲਣਾ ਪੈਂਦਾ ਅਕਸਰ ਕੋਈ ਸਦਾਮ।

ਮੌਸਮ ਨੇ ਕਰਵਟ ਕੀ ਬਦਲੀ-ਬਦਲੀ ਜ਼ਰਾ ਫ਼ਿਜ਼ਾ ਕੁਛ,
ਮੇਂਡਕੀਆਂ ਨੂੰ ਵੀ ਹੋਇਆ ਅੱਜ ਦੇਖੋ ਕਿਵੇਂ ਜ਼ੁਕਾਮ।

ਵਕਤੀ ਹਾਰਾਂ ਤੋਂ ਘਬਰਾ ਕੇ ਮੁੜ ਮਾਯੂਸ ਨਾ ਹੋਵੀਂ,
ਕਿੰਗ ਬਰੂਸ ਜਿਹੇ ਵੀ ਅਕਸਰ ਹੁੰਦੇ ਰਹੇ ਨਾਕਾਮ।

ਸਾਬਤ ਕਦਮੀ ਨਾਲ ਸਫ਼ਰ ਜੀਵਨ ਦਾ ਰੱਖੀਂ ਜਾਰੀ,
ਨੇਕ ਇਰਾਦੇ ਅੱਗੇ ਪਰਬਤ ਨਿਵਦੇ ਰਹੇ ਤਮਾਮ।

ਗ਼ਮ ਨਾ ਕਰ 'ਹਰਚਰਨ' ਕਿਤੇ ਤੇਰਾ ਵੀ ਅੰਬਰ ਹੋਊ,
ਬਣਦੇ ਬਣਦੇ ਹੀ ਬਣਦਾ ਹੈ ਇਕ ਦਿਨ ਖ਼ਾਸ ਮੁਕਾਮ।

•

✵

ਚਾਹ ਕੇ ਵੀ ਕੱਢ ਸਕੀ ਨਾ, ਯਾਰੋ ਭੜਾਸ ਦਿਲ ਦੀ।
ਮੇਰੀ ਗ਼ਜ਼ਲ ਤਾਂ ਪਾਉਂਦੀ ਹੈ ਬਾਤ ਖ਼ਾਸ ਦਿਲ ਦੀ।

ਸ਼ਿਅਰਾਂ ਦੀ ਆੜ ਲੈ ਲੈ, ਕਰਦੈਂ ਬਿਆਨਬਾਜ਼ੀ,
ਤਸਵੀਰ ਝਲਕਦੀ ਹੈ, ਵਿੱਚੋਂ ਨਿਰਾਸ ਦਿਲ ਦੀ।

ਉੱਤੋਂ ਸਦਾ ਲਗਾਉਨੈਂ, ਅੰਦਰੋਂ ਖ਼ੁਰਾ ਮਿਟਾਉਨੈਂ,
ਕਰਦੈਂ ਕਿਵੇਂ ਤਵੱਕੋ ਮਿਟ ਜਾਇ ਪਿਆਸ ਦਿਲ ਦੀ।

ਇਲਜ਼ਾਮ ਖ਼ੁਦ ਲਗਾਉਨੈਂ, ਫਿਰ ਸ਼ੋਰ ਵੀ ਮਚਾਉਨੈਂ,
ਰਲਦੀ ਤਾਂ ਕਿੰਝ ਰਲਦੀ, ਸੱਜਣਾ ਫੇ' ਰਾਸ ਦਿਲ ਦੀ।

ਮਤਲਬ ਨਿਕਲਦਿਆਂ ਹੀ ਪਲਕਾਂ ਤੋਂ ਝੱਟ ਗਿਰਾਏ,
ਫ਼ਿਤਰਤ ਅਜੀਬ ਦੇਖੀ, ਮੌਕਾ ਸ਼ਨਾਸ ਦਿਲ ਦੀ।

ਕੋਸ਼ਿਸ਼ ਹਜ਼ਾਰ ਕਰ ਲੈ, ਰਚ ਲੈ ਤੂੰ ਲੱਖ ਅਡੰਬਰ,
ਲੁਕਣੀ ਨਹੀਂ ਲੁਕਾਇਆਂ, ਹਾਲਤ ਉਦਾਸ ਦਿਲ ਦੀ।

'ਗਿਣ ਗਿਣ ਕੇ ਨਕਸ਼ ਇਕ ਇਕ, 'ਹਰਚਰਨ' ਦਾ ਮਿਟਾਉਣਾ',
ਹੈ ਆਰਜ਼ੂ ਇਹੀ ਹੁਣ, ਇੱਕੋ ਹੈ ਆਸ ਦਿਲ ਦੀ।

•

✯

ਤਮੰਨਾ ਸੀ ਦਿਲੀ ਆਪਣੀ ਬਣਾਈਏ ਪੁਲ ਮੁਹੱਬਤ ਦੇ।
ਵਗਾਏ ਵਹਿਣ ਤੂਫ਼ਾਨੀ ਉਨ੍ਹਾਂ ਬੇਰੋਕ ਨਫ਼ਰਤ ਦੇ।

ਹਵਾ ਇਸ ਰੋਜ਼ ਨਿਰਮੋਹੀ ਜਿਹੀ ਕੁਛ ਇਸ ਤਰ੍ਹਾਂ ਚੱਲੀ,
ਨਜ਼ਰ ਦੇ ਸਾਹਮਣੇ ਬਿਖਰੇ ਚੁਫੇਰੇ ਨਕਸ਼ ਉਲਫ਼ਤ ਦੇ।

ਮਜ਼ਹਬ ਦੇ ਨਾਮ ਤੇ ਕਿਧਰੇ ਕਿਤੇ ਇਨਸਾਨੀਅਤ ਦੇ ਨਾਂ,
ਮੁਸੱਵਰ ਮੌਤ ਦੇ ਚਿਤਰਨ ਘਿਨਾਉਣੇ ਰੂਪ ਵਹਿਸ਼ਤ ਦੇ।

ਸਵੇਰੇ ਸ਼ਾਮ ਸਿੱਕੇ ਦੀ ਪਵੇ ਛਣਕਾਰ ਕੰਨਾਂ ਵਿੱਚ,
ਸੁਣਾਈ ਦੇਣ ਵੀ ਕਿੱਦਾਂ ਕਿਤੋਂ ਦੋ ਬੋਲ ਚਾਹਤ ਦੇ।

ਪਲਕ ਝਪਕਾਉਂਦਿਆਂ ਹੀ ਰੰਗ ਬਦਲਨੇ ਦਾ ਹੁਨਰ ਤੱਕ ਕੇ,
ਕਿ ਗਿਰਗਟ ਵੀ ਕਰੇ ਗੁਣਗਾਨ ਇਸ ਬੇਜੋੜ ਖ਼ਸਲਤ ਦੇ।

ਨਜ਼ਰ ਉਸਦੀ ਸਵੱਲੀ ਹੈ ਉਮ੍ਹੜਦੀ ਸ਼ਾਇਰੀ ਏਦਾਂ,
ਕਿਵੇਂ ਨਾ ਕਰ ਦਿਆਂ ਨਾਂ ਜ਼ਿੰਦਗੀ ਮੈਂ ਓਸ ਅਜ਼ਮਤ ਦੇ।

ਨਾ ਐਵੇਂ ਪਰਖਿਆ ਕਰ ਹਰ ਸਮੇਂ ਜ਼ੁਰਰਤ ਮੇਰੀ ਏਦਾਂ,
ਸ਼ਿਅਰ ਮੇਰੇ ਗਵਾਹੀ ਦੇ ਰਹੇ ਬੇਬਾਕ ਚਾਹਤ ਦੇ।

ਇਲਮ ਹੁੰਦਾ ਅਗਰ ਤੂੰ ਵਸ ਰਿਹਾਂ ਅਸਮਾਨ ਸੱਤਵੇਂ ਤੇ,
ਕੁਤਰ ਸੁਟਦਾ ਮੈਂ ਪਰ ਬੇਕਿਰਕ ਹੋ ਮਾਸੂਮ ਹਸਰਤ ਦੇ।

ਜੋ ਖ਼ੁਦ ਹੀ ਰਹਿ ਗਿਆ ਬਣਕੇ ਵਿਸ਼ਾ ਚਰਚਾ ਦਾ ਬਸਤੀ ਵਿੱਚ,
ਡਰਾਵੇ ਦੇ ਰਿਹਾ 'ਹਰਚਰਨ' ਨੂੰ ਇਸ ਰੋਜ਼ ਇੱਜ਼ਤ ਦੇ।

•

✯

ਛਿੜਦੇ ਜਦੋਂ ਜਦੋਂ ਵੀ ਹੁਣ ਜ਼ਿੰਦਗੀ ਦੇ ਚਰਚੇ।
ਤੁਰਦੇ ਉਦੋਂ ਉਦੋਂ ਹੀ ਤੇਰੀ ਕਮਦਿਲੀ ਦੇ ਚਰਚੇ।

ਹੁੰਦੇ ਜਦੋਂ ਜਦੋਂ ਵੀ ਹੁਣ ਦੋਸਤੀ ਦੇ ਚਰਚੇ।
ਛਿੜਦੇ ਉਦੋਂ ਉਦੋਂ ਬੱਸ ਤੇਰੀ ਬੇ-ਰੁਖ਼ੀ ਦੇ ਚਰਚੇ।

ਕਰ ਹੀ ਸਕੇ ਨਾ ਚੌੜੇ, ਸੋਚਾਂ ਦੇ ਦਾਇਰੇ ਜਦ,
ਕਿੱਦਾਂ ਨਾ ਤੂਲ ਫੜਦੇ, ਫਿਰ ਤੰਗਦਿਲੀ ਦੇ ਚਰਚੇ।

ਵਸਤਾਂ ਦੇ, ਖ਼ਾਹਿਸ਼ਾਂ ਦੇ, ਜੰਗਲ 'ਚ ਘਿਰ ਗਏ ਜੋ,
ਕਰਦੇ ਨੇ ਪਹਿਰ ਅੱਠੇ, ਬੇਗ਼ਾਨਗੀ ਦੇ ਚਰਚੇ।

ਇਸ ਤੁਗ਼ਲਕੀ ਫ਼ਿਜ਼ਾ ਵਿਚ ਕਰਦੇ ਨੇ ਰਾਤ ਦਿਨ ਹੁਣ,
ਕਿਰਤੀ-ਕਿਸਾਨ-ਕਾਮੇ ਬੱਸ ਖ਼ੁਦਕੁਸ਼ੀ ਦੇ ਚਰਚੇ।

ਵਾਤਾਨੁਕੂਲ ਘਰ ਦੀ ਬੁੱਕਲ 'ਚ ਬੈਠ ਅੱਜ ਕੱਲ੍ਹ,
ਕੁਛ 'ਸਿਰ-ਸੜੇ' ਨੇ ਕਰਦੇ, ਫ਼ਾਕਾਕਸ਼ੀ ਦੇ ਚਰਚੇ।

ਘਰ-ਘਾਟ ਦਿਨ-ਦਿਹਾੜੇ, ਸੜ-ਬਲ ਕੇ ਰਾਖ਼ ਹੋਇਆ,
ਹੁਣ ਹੋ ਰਹੇ ਨੇ ਦੇਖੋ ਚਾਰਾਗਰੀ ਦੇ ਚਰਚੇ।

ਲੋਕਾਂ ਦੀ ਰਹਿਬਰੀ ਤਾਂ ਸ਼ਾਇਦ ਨਜ਼ਰ ਦਾ ਧੋਖਾ,
ਉਂਜ ਹੋ ਰਹੇ ਚੁਫੇਰੇ ਰੱਸਾ-ਕਸ਼ੀ ਦੇ ਚਰਚੇ।

ਦਮ-ਖ਼ਮ ਹੀ ਜੇ ਨਹੀਂ ਕੁਛ ਤੇਰੇ ਖਿਆਲ ਅੰਦਰ,
ਕੀ ਖੋਹਣਗੇ ਭਲਾ ਦੱਸ, ਇਸ ਪੁਖ਼ਤਗੀ ਦੇ ਚਰਚੇ।

ਜੇ ਹੋਣੀਆਂ ਤੋਂ ਡਰ ਡਰ, ਅੰਦਰ ਹੀ ਦੁਬਕਣਾ, ਫਿਰ,
ਕਰਿਆ ਨਾ ਕਰ ਪਰ੍ਹੇ ਵਿੱਚ, ਜ਼ਿੰਦਾ-ਦਿਲੀ ਦੇ ਚਰਚੇ।

ਫ਼ੈਸ਼ਨ ਡਿਜਾਇਨਰਾਂ ਦੀ ਮਹਿਫਿਲ 'ਚ ਹੋ ਰਹੇ ਸਨ,
ਇਕ ਦੂਸਰੇ ਤੋਂ ਚੜ੍ਹ ਚੜ੍ਹ ਕੱਲ੍ਹ ਸਾਦਗੀ ਦੇ ਚਰਚੇ।

•

✵

ਮਨਫ਼ੀ, ਜ਼ਰਬ, ਜਮ੍ਹਾਂ ਦਾ, ਏਹੋ ਨਿਚੋੜ ਅੱਜ ਕੱਲ੍ਹ।
ਓਨੀ ਕੁ ਦੋਸਤੀ ਹੁਣ, ਜਿੰਨੀ ਕੁ ਲੋੜ ਅੱਜ ਕੱਲ੍ਹ।

ਕੀ ਫ਼ਰਕ ਜੇ ਬਣੇ ਹੋ ਕਿਸ਼ਤੀ ਕਦੇ ਜਾਂ ਪੌੜੀ,
ਗਿਣਤੀ ਉਸੀ ਦੀ ਏਥੇ, ਬਣਦਾ ਜੋ ਰੋੜ ਅੱਜ ਕੱਲ੍ਹ।

ਸੂਰਤ ਮਿਲੇ ਨ ਸੀਰਤ, ਚਾਹਤ ਮਿਲੇ ਨ ਰੰਗਤ,
ਜੁੜਦੇ ਨੇ ਹੁਣ ਜ਼ਮੀਂ ਤੇ, ਪੈਸੇ ਦੇ ਜੋੜ ਅੱਜ ਕੱਲ੍ਹ।

ਸ਼ਾਇਸਤਗੀ, ਨਫ਼ਾਸਤ, ਕਿੱਦਾਂ ਨਾ ਜ਼ਰਬ ਖਾਂਦੀ,
ਲੱਗੀ ਹੈ ਬੱਸ ਚੁਫੇਰੇ, ਸਿੱਕੇ ਦੀ ਹੋੜ੍ਹ ਅੱਜ ਕੱਲ੍ਹ।

ਇਸ ਲਾ-ਇਲਾਜ ਦਿਲ ਦਾ ਹੁਣ ਕੀ ਇਲਾਜ ਹੋਵੇ,
ਦਿਸਦਾ ਨਾ ਕਾਰ-ਆਮਦ ਕੋਈ ਓੜ੍ਹ-ਪੋੜ੍ਹ ਅੱਜ ਕੱਲ੍ਹ।

ਵਸਤਾਂ ਦੇ ਜਮਘਟੇ ਵਿਚ ਇਉਂ ਪਰਚਿਆ ਹੈ ਬੰਦਾ,
ਰੂਹ ਦੀ ਖ਼ੁਰਾਕ ਬਣਦੀ, ਸ਼ਾਇਦ ਨਾ ਲੋੜ ਅੱਜ ਕੱਲ੍ਹ।

ਉਤਰਾ-ਚੜ੍ਹਾਅ ਸਫ਼ਰ ਦੇ, ਕਰਦੇ ਨੇ ਨਿੱਤ ਇਸ਼ਾਰੇ,
'ਹਰਚਰਨ' ਆ ਰਿਹਾ ਫਿਰ, ਕੋਈ ਸੁਖਦ ਮੋੜ ਅੱਜ ਕੱਲ੍ਹ।

•

✵

ਘਰ ਕਰ ਗਈ ਹੈ ਜੇਕਰ, ਏਨੀ ਕੁ ਬਾਤ ਅੰਦਰ।
ਕਿੰਝ ਹੋਣਗੇ ਸੁਖਾਵੇਂ, ਸੋਚੋ! ਹਾਲਾਤ ਅੰਦਰ।

ਕਿੰਨੀ ਕੁ ਦੇਰ ਆਖਰ ਜਿੰਦ ਬੋਚ ਬੋਚ ਰੱਖਦੇ,
ਉੱਤਰੀ ਸੀ ਇਕ ਉਮਰ ਤੋਂ, ਗ਼ਮ ਦੀ ਬਾਰਾਤ ਅੰਦਰ।

ਸ਼ਕੁਨੀ ਦਿਲਾਂ ਦਾ ਕਿੱਦਾਂ ਟਿਕਦਾ ਇਵੇਂ ਟਿਕਾਇਆਂ,
ਰੱਖਦੇ ਹਾਂ ਜਦ ਵਿਛਾਈ, ਹਰ ਪਲ ਬਿਸਾਤ ਅੰਦਰ।

ਕਿਉਂਕਰ ਖਰੋਂਚਦਾ ਨਾ ਏਦਾਂ ਦਿਲੀ ਨਫ਼ਾਸਤ,
ਸ਼ੈਤਾਨ ਲਾਈ ਬੈਠਾ, ਹਰ ਵਕਤ ਘਾਤ ਅੰਦਰ।

ਉਠਦਾ ਤਾਂ ਕਿੰਝ ਉਠਦਾ, ਬੰਦਾ ਅਹੰ ਤੋਂ ਉਪਰ,
ਜਦ ਦੌੜਦੀ ਲਹੂ ਵਿਚ, ਹਰ ਵਕਤ ਜ਼ਾਤ ਅੰਦਰ।

ਮਿਟਦੀ ਕਿਵੇਂ ਮਿਟਾਇਆਂ ਦੂਈ-ਦਵੈਤ-ਦਿਲ ’ਚੋਂ,
ਹੱਡਾਂ ’ਚ ਰਚ ਗਈ ਜੇ, ਐਨੀਂ ਹੀ ਤਾਤ ਅੰਦਰ।

ਨਿੱਤ ਮੀਨ-ਮੇਖ਼ ਕਰ ਕਰ, ਗ਼ੈਰਾਂ ਨੂੰ ਦੋਸ਼ ਦਈਏ,
ਤਦ ਜਾਣਦੇ ਹਕੀਕਤ, ਪਾਉਂਦੇ ਜੇ ਝਾਤ ਅੰਦਰ।

ਦੁਨੀਆਂ ਨਿਵਾਉਣ ਖਾਤਿਰ, ਨਿੱਤ ਬੀੜਦੇ ਹਾਂ ਲਸ਼ਕਰ,
ਖਾਂਦੇ ਹਾਂ ਹਰ ਪੜਾਅ ਤੇ, ਹਰ ਪੈਰ ਮਾਤ ਅੰਦਰ।

ਕਿੱਦਾਂ ਚੜ੍ਹੇਗਾ ਸੂਰਜ, ਮੁੱਕੇਗਾ ਕਿੰਝ ਹਨ੍ਹੇਰਾ,
ਛਾਈ ਰਹੀ ਜੇ ਏਦਾਂ, ‘ਹਰਚਰਨ’ ਰਾਤ ਅੰਦਰ।

•

✵

ਜਦੋਂ ਵੀ ਬਾਤ ਪਾਉਂਦੇ ਉਹ, ਤਾਂ ਪਾਉਂਦੇ ਬੱਸ ਤਬਾਹੀ ਦੀ।
ਦੁਹਾਈ ਹਰ ਸਮੇਂ ਦਿੰਦੇ ਉਹ, ਸਭ ਦੀ ਖ਼ੈਰ-ਖਾਹੀ ਦੀ।

ਗਲਾਸੀ ਨਾਲ ਟਕਰਾ ਕੇ ਗਲਾਸੀ ਜਸ਼ਨ ਹੋ ਜਾਏ,
ਵਰ੍ਹੇ-ਗੰਢ ਆ ਗਈ ਸਿਰ 'ਤੇ, ਨਸ਼ੇ ਤੋਂ ਫਿਰ ਮਨਾਹੀ ਦੀ।

ਕੰਵਲ ਦੇ ਵਾਂਗ ਖਿੜ ਖਿੜ ਕੇ, ਸੁਨੇਹਾ ਬਾਲ ਦਿੰਦੇ ਨਿੱਤ,
ਦੁਬਾਰਾ ਫਿਰ ਨਹੀਂ ਆਉਣੀ, ਉਮਰ ਇਹ ਬਾਦਸ਼ਾਹੀ ਦੀ।

ਨਹੀਂ ਇਹ ਦੋਸਤੀ-ਰਿਸ਼ਤਾ-ਸਿਰਫ਼ ਇਹ ਸੁਖ-ਸਹੂਲਤ ਦਾ,
ਭਲਾ ਕੀ ਸਾਂਝ ਜੱਗ ਤੇ ਸ਼ਹਿਨਸ਼ਾਹ ਦੇ ਨਾਲ ਘਾਹੀ ਦੀ।

ਕਿਨਾਰਾ ਕਰ ਰਹੇ ਨਿਸਦਿਨ ਘਰਾਂ ਦੇ ਘਰ ਹਯਾਤੀ ਤੋਂ,
ਰਹੀ ਨਾ ਲੋੜ ਹੁਣ ਕੋਈ ਤਰੱਕੀ ਦੀ ਗਵਾਹੀ ਦੀ।

ਨਾ ਮੰਜ਼ਿਲ ਨਾ ਨਿਸ਼ਾਨਾ ਨਾ ਕੋਈ ਹਥਿਆਰ ਹੱਥਾਂ ਵਿੱਚ,
ਹੈ ਸ਼ਾਇਦ 'ਕੂਟਨੀਤੀ' ਖ਼ਾਸ, ਇਸ ਯੁਗ ਦੇ ਸਿਪਾਹੀ ਦੀ।

ਚਲੋ ਬੈਠੋ, ਘੜੀ ਸਿਰ ਜੋੜ ਕੇ, ਦਾਨਿਸ਼ਵਰੋ, ਸੋਚੋ,
ਬਣੀ ਤਾਂ ਕਿਉਂ ਬਣੀ ਨਾਜ਼ੁਕ ਸਥਿਤੀ ਏਸ ਰਾਹੀ ਦੀ।

ਮਨਾਂ ਦੇ ਸਾਜ਼ ਛੇੜਨਗੇ ਕਿਵੇਂ ਸਰਗਮ ਮੁਹੱਬਤ ਦੀ,
ਅਗਰ ਢਹਿੰਦੀ ਨਹੀਂ ਦੀਵਾਰ ਦਿਲ 'ਚੋਂ ਬੇਵਿਸਾਹੀ ਦੀ।

ਯੁਗਾਂ ਤੋਂ ਦੇ ਰਹੇ ਹੋਕਾ, ਸੁਖ਼ਨਵਰ ਕੁੱਲ ਲੁਕਾਈ ਦੇ,
ਬਿਨਾਂ ਕਾਰਨ ਕਦੇ 'ਹਰਚਰਨ' ਇਉਂ ਢੇਰੀ ਨੀ ਢਾਹੀਦੀ।

•

✯

ਤਬਾਹੀ ਦੇ ਕਿਨਾਰੇ ਇਸ ਘੜੀ ਸੰਸਾਰ ਨਾ ਹੁੰਦਾ।
ਕਿਤੇ ਜੇ ਰਹਿਬਰਾਂ ਦਾ ਦੋਗਲਾ ਕਿਰਦਾਰ ਨਾ ਹੁੰਦਾ।

ਰੋਹੀਲੀ ਪੌਣ ਅਕਸਰ ਇਸ ਤਰ੍ਹਾਂ ਨਾ ਸਾਜਿਸ਼ਾਂ ਕਰਦੀ,
ਅਗਰ ਤੂੰ ਖ਼ਾਮਖ਼ਾ ਦੁਨੀਆਂ ਦਾ ਥਾਣੇਦਾਰ ਨਾ ਹੁੰਦਾ।

ਤੇਰੀ ਹਉਮੈ ਨੂੰ ਪੱਠੇ ਪਾਉਣ ਵਿੱਚ ਕੀ ਉਜ਼ਰ ਹੁੰਦਾ, ਦੱਸ,
ਕਿਸੇ 'ਸੱਦਾਮ' ਅੰਦਰ ਜੇ ਕੋਈ ਖ਼ੁੱਦਾਰ ਨਾ ਹੁੰਦਾ।

ਕਹਾਣੀ ਹੋਰ ਹੀ ਪਾਉਂਦੀ ਕੋਈ ਤਸਵੀਰ ਕੈਨਵਸ ਦੀ,
ਤੇਰੇ ਅੰਦਰ ਕੋਈ ਲੁਕਿਆ 'ਅਜਬ ਫ਼ਨਕਾਰ' ਨਾ ਹੁੰਦਾ।

ਪੁਲਾਂ ਦੀ ਥਾਂ ਘਰਾਂ ਵਿੱਚ ਪਾੜਿਆਂ ਦੀ ਬਾਤ ਨਾ ਤੁਰਦੀ,
ਅਗਰ ਤੇਰੇ ਜਿਹਾ ਸ਼ਾਤਿਰ ਕੋਈ ਵਿਥਕਾਰ ਨਾ ਹੁੰਦਾ।

ਹੁਸੀਂ ਖ਼ਾਬਾਂ ਦੇ ਕਿੰਗਰੇ ਇਸ ਘੜੀ ਅਸਮਾਨ ਨਾ ਛੋਂਹਦੇ,
ਹਵਾ ਦੇ ਘੋੜਿਆਂ ਤੇ ਹਰ ਕੋਈ ਅਸਵਾਰ ਨਾ ਹੁੰਦਾ।

ਸਮੂਹ ਸੰਸਾਰ ਸਿਰ ਜਾਦੂ ਕਿਵੇਂ ਚੜ੍ਹ ਬੋਲਦਾ ਤੇਰਾ,
ਗ਼ਰੀਬੀ ਮੁਫ਼ਲਿਸੀ ਦਾ ਜੇ ਕਿਤੇ ਹਥਿਆਰ ਨਾ ਹੁੰਦਾ।

ਪਰਾਏ ਦਰਦ-ਗ਼ਮ-ਪੀੜਾਂ ਦਾ ਕਿੰਝ ਅਹਿਸਾਸ ਹੁੰਦਾ, ਫਿਰ,
ਜੇ ਦੁਖਦੀ ਰਗ ਤੇਰੀ ਤੇ ਇਸ ਤਰ੍ਹਾਂ ਕੋਈ ਵਾਰ ਨਾ ਹੁੰਦਾ।

ਤੇਰੀ ਇਸ ਧੌਂਸ, ਧੱਕੇ ਦਾ ਵੀ ਕੋਈ ਤੋੜ ਮਿਲ ਜਾਂਦਾ,
ਕਿਤੇ ਮਨਮਾਨੀਆਂ ਦਾ ਹਰ ਤਰ੍ਹਾਂ ਅਧਿਕਾਰ ਨਾ ਹੁੰਦਾ।

ਤੇਰੇ ਲੁਕਵੇਂ ਏਜੰਡੇ ਤੇ ਕਦੇ ਕੋਈ ਹਰਫ਼ ਨਾ ਆਉਂਦਾ,
ਜਹਾਂ ਦੇ ਅਮਨ ਦਾ ਐਡਾ ਜੇ ਦਾਅਵੇਦਾਰ ਨਾ ਹੁੰਦਾ।

ਕਿਸੇ ਮਛਲੀ ਦੇ ਅੰਦਰ ਹੋਂਦ ਦਾ ਕਿੰਝ ਖ਼ੌਫ਼ ਹੁੰਦਾ, ਜੇ,
ਅਗਰ ਸੰਸਾਰ ਤੇ ਥਾਂ ਥਾਂ ਕੋਈ ਸੰਸਾਰ ਨਾ ਹੁੰਦਾ।

ਤੇਰੀ ਦਾਨਿਸ਼ਵਰੀ ਤੇ ਲਾਜ਼ਮੀ ਇਤਬਾਰ ਕਰ ਲੈਂਦੇ,
ਦੁਆਲੇ ਚਾਪਲੂਸਾਂ ਦਾ ਅਗਰ ਦਰਬਾਰ ਨਾ ਹੁੰਦਾ।

ਕਿਨਾਰੇ ਲੱਗ ਹੀ ਜਾਂਦੀ ਨਾਉ ਇਨਸਾਨੀ ਮੁਕੱਦਰ ਦੀ,
ਕਿਤੇ ਜੇ ਡੋਲਦੀ ਕਿਸ਼ਤੀ ਦੀ ਤੂੰ ਪਤਵਾਰ ਨਾ ਹੁੰਦਾ।

ਗਲੋਬਲ ਪਿੰਡ ਦੇ ਦਿਲਕਸ਼ ਖ਼ਾਬ ਦੀ ਹੋਣੀ ਨਾ ਜੇ ਘੜਦੇ,
ਅਜੋਕੇ ਦੌਰ ਦਾ ਹਰ ਸ਼ਖ਼ਸ ਇੰਜ ਬੇਜ਼ਾਰ ਨਾ ਹੁੰਦਾ।

ਭਰਮ ਨਾ ਤਿੜਕਦੇ ਨਾ ਲੋਕ-ਰਾਜੀ ਖ਼ਾਬ ਹੀ ਟੁਟਦੇ,
ਮੁਖੌਟੇ ਦੇ ਮਗਰ ਚਿਹਰਾ ਅਗਰ ਖ਼ੂੰਖਾਰ ਨਾ ਹੁੰਦਾ।

ਤੇਰੇ ਮਨਸੂਬਿਆਂ ਤੇ ਹਰ ਦਫ਼ਾ ਪਾਣੀ ਨਾ ਇੰਜ ਫਿਰਦਾ,
ਕੋਈ ਲਾਦਿਨ ਕਿਸੇ ਦੁਸ਼ਮਣ ਦਾ ਜੇ ਔਜ਼ਾਰ ਨਾ ਹੁੰਦਾ।

ਨਾ ਜਿੱਚ ਹੁੰਦਾ-ਕਦੇ-ਵੱਕਾਰ ਨਾ ਮਿੱਟੀ 'ਚ ਇੰਜ ਮਿਲਦਾ,
ਕਿਸੇ 'ਪਰਵੇਜ਼' ਅੰਦਰ ਦੁਬਕਿਆ ਮੱਕਾਰ ਨਾ ਹੁੰਦਾ।

ਇਹ ਤੇਰੀ ਪਰਵਰਿਸ਼ ਦਾ ਹੀ ਅਜਬ ਕਮਾਲ ਹੈ ਮਿੱਤਰਾ!
ਕੋਈ 'ਲਾਦਿਨ' ਜ਼ਮੀਂ ਤੇ ਇਸ ਕਦਰ ਉੱਡਾਰ ਨਾ ਹੁੰਦਾ।

ਅਸੀਂ ਵੀ ਸਿਰ ਉਠਾ ਕੇ ਮਾਣ ਨਾ ਦੋ ਪੈਰ ਤੁਰ ਲੈਂਦੇ,
ਵਿਦੇਸ਼ੀ ਕਰਜ਼ਿਆਂ ਦਾ ਜੇ ਸਿਰਾਂ ਤੇ ਭਾਰ ਨਾ ਹੁੰਦਾ।

ਪੁਰਾਣੇ ਜ਼ਖ਼ਮ ਮੁੜ ਮੁੜ ਇਸ ਤਰ੍ਹਾਂ ਨਾ ਮੂੰਹ ਚਿੜਾਉਂਦੇ ਫਿਰ,
ਜੇ ਮਲਟੀਨੈਸ਼ਨਲ ਲਈ ਮੁਲਕ ਪੱਬਾਂ ਭਾਰ ਨਾ ਹੁੰਦਾ।

ਸਿਰੇ ਦੀ ਆਧੁਨਿਕਤਾ ਇਸ ਕਦਰ ਹਊਆ ਨਾ ਇੰਜ ਬਣਦੀ,
ਜੇ ਪਰਿਵਰਤਨ ਅਜੋਕਾ ਹੋਂਦ ਲਈ ਵੰਗਾਰ ਨਾ ਹੁੰਦਾ।

•

✵

ਜਦ ਵੀ ਕਦੀਂ ਕਿਸੇ ਨੇ, ਨਿਯਮਾਂ ਦੀ ਬਾਤ ਤੋਰੀ।
ਆਪਣੇ ਬਚਾਵ ਖਾਤਿਰ, ਰੱਖਦੇ ਹਾਂ ਚੋਰ-ਮੋਰੀ।

ਲੱਖ ਚੋਂਚਲੇ ਦਿਖਾਏ, ਜਤਲਾਏ ਪਿਆਰ ਕੋਈ,
ਮਾਂਵਾਂ ਬਗ਼ੈਰ ਜੱਗ ਤੇ, ਦਿੰਦਾ ਹੈ ਕੌਣ ਲੋਰੀ।

ਸਿੰਨ੍ਹਣਾ ਕਦਮ ਕਦਮ ਤੇ, ਕੁਸਕਣ-ਨ-ਕੂਣ ਦੇਣਾ,
ਨਿਭਦੀ ਨਹੀਂ ਹਮੇਸ਼ਾਂ ਚੋਰੀ ਤੇ ਸੀਨਾ-ਜ਼ੋਰੀ।

ਉਲਫ਼ਤ ਦੇ ਬੋਲ ਲਿਖ ਜਾਂ, ਨਫ਼ਰਤ ਦੀ ਕਰ ਇਬਾਰਤ,
ਦਿਲ ਦੀ ਸਲੇਟ ਆਪਣੀ, ਸੁਥਰੀ ਤੇ ਸਾਫ਼-ਕੋਰੀ।

ਹਰ ਦੌਰ ਵਿੱਚ ਦੁਸ਼ਾਸਨ, ਇੱਜ਼ਤ ਦਾ ਖੇਲ ਖੇਲੇ,
ਹਰ ਦੌਰ ਵਿਚ ਪੰਚਾਲੀ, ਸੁੱਟਦੀ ਤੇਰੇ ਤੇ ਡੋਰੀ।

ਭੁੱਲ ਕੇ ਵੀ ਇੰਜ ਨਾ ਕਰਦੇ, ਦਿਲ ਦੇ ਕਰੀਬ ਐਨਾ,
ਜੇ ਜਾਣਦੇ ਤਬੀਅਤ, ਤੇਰੀ ਵੀ ਮਾਰ-ਖ਼ੋਰੀ।

'ਹਰਚਰਨ' ਸਾਂਝ ਦਿਲ ਦੀ, ਅਜ਼ਮਤ ਅਜ਼ੀਮ ਉਸ ਦੀ,
ਨਿੰਹੁ, ਇਸ਼ਕ, ਮੋਹ, ਮੁਹੱਬਤ, ਲਗਦੇ ਨਾ ਜ਼ੋਰੋ-ਜ਼ੋਰੀ।

•

✵

ਹੁੰਦਾ ਨਾ ਜੇ ਕਦੇ ਉਹ ਇਉਂ ਬੇਸ਼ਊਰ ਐਨਾ।
ਸੁਪਨੇ 'ਚ ਵੀ ਨਾ ਹੁੰਦੇ ਫਿਰ ਦੂਰ ਦੂਰ ਐਨਾ।

ਕੋਈ ਵਜ੍ਹਾ ਤਾਂ ਹੋਵੇ, ਦਿਲਕਸ਼ ਅਦਾ ਹੀ ਹੋਵੇ,
ਕਿਉਂ ਬੇਵਜ੍ਹਾ ਹੀ ਸਿਰ ਨੂੰ, ਚੜ੍ਹਿਆ ਫ਼ਤੂਰ ਐਨਾ।

ਚਿਤ-ਚੇਤਿਆਂ 'ਚ ਸੀ ਨਾ, ਨਾ ਸੀ ਖ਼ਵਾਬ ਅੰਦਰ,
ਹੁੰਦਾ ਅਕਾਂਖਿਆ ਦਾ ਚਿਹਰਾ ਕਰੂਰ ਐਨਾ।

ਪੰਛੀ ਉਡਾਰ ਮਨ ਦਾ, ਗਾਹੁੰਦਾ ਜੋ ਅੰਬਰਾਂ ਨੂੰ,
ਤੱਕਿਆ ਨਾ ਕਰ ਹਮੇਸ਼ਾਂ, ਇਉਂ ਘੂਰ ਘੂਰ ਐਨਾ।

ਹੋਇਆ ਹੈ ਮਹਿਜ਼ ਹਾਲੇ, ਆਗਾਜ਼ ਜ਼ਿੰਦਗੀ ਦਾ,
ਰਾਹ ਪੈਂਦਿਆਂ ਹੀ ਹੋਇਆਂ, ਕਿਉਂ ਚੂਰ ਚੂਰ ਐਨਾ।

ਗੁੱਝੇ ਵਿਅੰਗ ਬਾਣਾਂ ਸੁੱਲਿਆ ਹੈ ਦਿਲ ਵਥੇਰਾ,
ਜ਼ਖ਼ਮਾਂ ਤੇ ਨਮਕ ਮੁੜ ਮੁੜ, ਇਉਂ ਨਾ ਬਰੂਰ ਐਨਾ।

ਉਸ ਦੀ ਮੌਜੂਦਗੀ ਦੇ ਅਹਿਸਾਸ ਦਾ ਕਰਿਸ਼ਮਾ,
ਹੋਇਆ ਹੈ ਹਰਿਕ ਕੋਨਾ, ਇਉ ਨੂਰ ਨੂਰ ਐਨਾ।

ਸ਼ਾਇਦ ਘੜੇ ਨੇ ਉਸ ਨੇ, ਖ਼ੁਦ ਨਕਸ਼ ਜ਼ਿੰਦਗੀ ਦੇ,
ਤੱਕਣੀ 'ਚੋਂ ਝਲਕਦਾ ਹੈ, ਤਾਂ ਹੀ ਸਰੂਰ ਐਨਾ।

ਝੂਠੇ ਅਹੰ ਦੀ ਖਾਤਿਰ, ਅੜਿਐਂ ਨਾ ਅੜ ਸਕੇਂਗਾ,
'ਹਰਚਰਨ' ਇਸ ਘੜੀ ਬੱਸ, ਤੇਰਾ ਕਸੂਰ ਐਨਾ।

•

✯

ਮੁੜ ਮਨੁੱਖਤਾ ਤੇ ਕਦੀ ਨਾ ਕਹਿਰ ਢਾਵੀਂ ਯਾ-ਖ਼ੁਦਾ।
ਨਵ-ਵਰਸ਼ ਦੇ ਨਕਸ਼ ਵਹਿਸ਼ੀ ਨਾ ਬਣਾਵੀਂ ਯਾ-ਖ਼ੁਦਾ।

ਨਾ ਮਿਟੇ ਸਿੰਧੂਰ ਉਜੜੇ ਨਾ ਕਿਤੇ ਕੋਈ ਆਸ਼ੀਆਂ,
ਲੋਰੀਆਂ ਨੂੰ ਕੀਰਨੇ ਬਣਨੋਂ ਬਚਾਵੀਂ ਯਾ-ਖ਼ੁਦਾ।

ਸਾਗਰਾਂ ਨੂੰ ਕਹਿਰ ਰੱਬੀ ਨਾ ਕੋਈ ਬਹਿਕਾ ਸਕੇ,
ਨਾ ਸੁਨਾਮੀ ਹੋਣੀਆਂ ਸਿਰ ਤੇ ਚੜ੍ਹਾਵੀਂ ਯਾ-ਖ਼ੁਦਾ।

ਨਾ ਕਿਤੇ ਵਿਸ਼ਵਾਸ-ਤਿੜਕੇ ਨਾ ਬੁਝੇ ਮਨ ਦਾ ਚਿਰਾਗ,
ਆਸਥਾ ਤੇ ਚਿੰਨ੍ਹ ਸਵਾਲੀ ਨਾ ਲਗਾਵੀਂ ਯਾ-ਖ਼ੁਦਾ।

ਜਾਣ ਕੇ ਘਰ ਰੇਤ ਦੇ ਉੱਸਰੇ ਸਮੁੰਦਰ ਦੇ ਕਰੀਬ,
ਖ਼ਾਬ ਉਮਰਾਂ ਦੇ ਨਾ ਮਿੱਟੀ ਵਿਚ ਮਿਲਾਵੀਂ ਯਾ-ਖ਼ੁਦਾ।

ਦਰ ਪਰਾਏ ਤੇ ਬਿਠਾਵੀਂ-ਨਾ-ਮੰਗਾਵੀਂ ਖ਼ੈਰ ਇੰਜ,
ਨਾ ਕਿਸੇ ਨੂੰ ਤਰਸ ਦਾ ਪਾਤਰ ਬਣਾਵੀਂ ਯਾ-ਖ਼ੁਦਾ।

ਇਸ ਤਬਾਹੀ ਨੂੰ ਤਾਂ ਸ਼ਾਇਦ ਮਿਣ ਸਕੇ ਰਿਕਟਰ ਸਕੇਲ,
ਆਸਥਾ ਤਿੜਕਣ ਦਾ ਪੈਮਾਨਾ ਜੁਟਾਵੀਂ ਯਾ-ਖ਼ੁਦਾ।

ਮਾਸ-ਖੋਰੇ ਪੰਛੀਆਂ, ਇੱਲਾਂ-ਬਲਾਵਾਂ ਤੋਂ ਇਵੇਂ,
ਖ਼ਾਬ ਵਿੱਚ ਵੀ ਮਾਸ ਹਰਗਿਜ਼ ਨਾ ਤੁੜਾਵੀਂ ਯਾ-ਖ਼ੁਦਾ।

ਆਪਣੀ ਮਖ਼ਲੂਕ-ਖ਼ਲਕਤ, ਆਪਣੇ 'ਹਰਚਰਨ' ਨੂੰ,
ਹਰ ਬਲਾ ਤੋਂ, ਬਦ-ਦੁਆ ਤੋਂ ਖ਼ੁਦ ਬਚਾਵੀਂ ਯਾ-ਖ਼ੁਦਾ।

•

✯

ਜੋ ਹੁਣ ਤੱਕ ਹੋ ਨਹੀਂ ਸਕਿਆ ਮੇਰੇ ਜਜ਼ਬਾਤ ਤੋਂ ਵਾਕਿਫ਼।
ਕਿਵੇਂ ਹੋਊ ਭਲਾ ਮੇਰੇ ਦਿਲੀ ਹਾਲਾਤ ਤੋਂ ਵਾਕਿਫ਼।

ਜ਼ਰਾ ਭਰ ਤਾਂ ਟਟੋਲੋ ਜਾਂ ਫਰੋਲੋ ਡੂੰਘੀਆਂ ਪਰਤਾਂ,
ਤਮੰਨਾ ਹੈ ਜੇ ਹੋਣਾ ਲਾਜ਼ਮੀ ਆਘਾਤ ਤੋਂ ਵਾਕਿਫ਼।

ਉਗਲਦੇ ਨਾ ਕਲਮ 'ਚੋਂ ਵਿਸ਼ ਅਗਰ ਐਨਾ, ਖ਼ਫ਼ਾ ਹੋ ਕੇ,
ਕਿਵੇਂ ਹੁੰਦੇ ਦਿਲਾਂ ਦੀ ਖੁਣਸ ਜਾਂ ਔਕਾਤ ਤੋਂ ਵਾਕਿਫ਼।

ਜੋ ਦਿੱਤੀ ਹੈ, ਤੁਸਾਂ ਹਰ ਵਾਰ, ਕਰਕੇ ਵਾਰ, ਹਰ ਇਕ ਨੂੰ,
ਜ਼ਮਾਨਾ ਹੋ ਰਿਹਾ ਪਲ ਪਲ ਉਸੀ 'ਸੌਗਾਤ' ਤੋਂ ਵਾਕਿਫ਼।

ਅਮਾਵਸ ਬਣ ਗ਼ਮਾਂ ਦਾ ਸਿਲਸਿਲਾ ਕੁਛ ਇਸ ਕਦਰ ਛਾਇਆ,
ਨਹੀਂ ਹੀ ਹੋ ਸਕੇ ਤਾ-ਜ਼ਿੰਦਗੀ ਪ੍ਰਭਾਤ ਤੋਂ ਵਾਕਿਫ਼।

ਹੜ੍ਹਾਂ ਦੀ ਮਾਰ ਹੇਠਾਂ ਜੇ ਬਸੇਰਾ ਆ ਗਿਆ ਹੁੰਦਾ,
ਕਿਵੇਂ ਫਿਰ ਹੁਕਮਰਾਂ ਹੁੰਦਾ ਨਾ ਇਸ ਬਰਸਾਤ ਤੋਂ ਵਾਕਿਫ਼।

ਤੇਰੀ ਮਹਿਫ਼ਿਲ 'ਚ ਬਹਿ ਕੇ ਵੀ ਕਿਵੇਂ ਹੁਣ ਤੀਕ ਨਾ ਹੁੰਦਾ,
ਤੇਰੇ ਹਰ ਪੈਂਤੜੇ, ਹਰ ਸੋਚ ਤੇ ਹਰ ਬਾਤ ਤੋਂ ਵਾਕਿਫ਼।

•

✯

ਤੇਰੇ ਦਰ 'ਤੇ ਚੱਲ ਕੇ ਮੈਂ ਆਵਾਂ ਤਾਂ ਕਿੱਦਾਂ?
ਕਦਮ ਇਸ ਡਗਰ ਤੇ ਟਿਕਾਵਾਂ ਤਾਂ ਕਿੱਦਾਂ?

ਤੇਰੀ ਮਿਲਣਸਾਰੀ ਨੂੰ ਸੌ ਸੌ ਸਲਾਮਾਂ,
ਤੇਰੀ ਕਮ-ਦਿਲੀ ਨੂੰ ਸਲਾਹਵਾਂ ਤਾਂ ਕਿੱਦਾਂ?

ਇਹ ਬਾਜ਼ੀ ਅਦਬ ਦੀ ਫ਼ਤਹਿ ਕਰਨ ਖ਼ਾਤਿਰ,
ਮੈਂ ਰਿਸ਼ਤੇ ਨੂੰ ਮੁਹਰਾ ਬਣਾਵਾਂ ਤਾਂ ਕਿੱਦਾਂ?

ਇਹ ਨਹਿਲੇ ਤੇ ਦਹਿਲਾ ਸੀ ਸੁਟਣਾ ਕੀ ਔਖਾ,
ਮਗਰ ਨੀਚਤਾਈ ਤੇ ਆਵਾਂ ਤਾਂ ਕਿੱਦਾਂ?

ਤਮੰਨਾ ਸੀ ਆਪਣਾ ਵੀ ਆਕਾਸ਼ ਹੁੰਦਾ,
ਮੈਂ ਖ਼ੁਣਸੀ ਫ਼ਿਜ਼ਾ ਵਿੱਚ ਸਮਾਵਾਂ ਤਾਂ ਕਿੱਦਾਂ?

ਇਹ ਸੌੜੀ ਸਿਆਸਤ ਤੋਂ ਹੋ ਕੇ ਪ੍ਰੇਰਿਤ,
ਮੈਂ ਸ਼ਬਦਾਂ ਦੇ ਨਸ਼ਤਰ ਚਲਾਵਾਂ ਤਾਂ ਕਿੱਦਾਂ?

ਮੈਂ ਚੀਚੀ ਨੂੰ ਲਾ ਕੇ ਲਹੂ ਦੇ ਦੋ ਤੁਪਕੇ,
ਖ਼ਬਰ ਬਣਕੇ ਚਰਚਾ 'ਚ ਆਵਾਂ ਤਾਂ ਕਿੱਦਾਂ?

ਇਹ ਲਫ਼ਜਾਂ ਦੇ ਹੱਥਾਂ 'ਚ ਹਥਿਆਰ ਦੇ ਕੇ,
ਮੈਂ ਸ਼ਿਅਰਾਂ ਨੂੰ ਕਾਤਿਲ ਬਣਾਵਾਂ ਤਾਂ ਕਿੱਦਾਂ?

ਇਹ ਹਉਮੈਂ ਦੀ ਦਲ-ਦਲ 'ਚ ਖ਼ੁੱਭਿਆਂ ਨੂੰ ਇਸ ਪਲ,
ਮੁਹੱਬਤ ਦੀ ਸਰਗਮ ਸੁਣਾਵਾਂ ਤਾਂ ਕਿੱਦਾਂ?

ਤੇਰੀ ਤਾਲ ਤੇ ਨਿੱਤ ਥਿਰਕਣ ਦੀ ਖਾਤਿਰ,
ਖ਼ੁਦੀ ਨੂੰ ਮਿਟਾ ਕੇ ਮੈਂ ਆਵਾਂ ਤਾਂ ਕਿੱਦਾਂ?

ਕਿਸੇ ਤਾਜ-ਕੁਰਸੀ ਜਾਂ ਅਹੁਦੇ ਦੀ ਖਾਤਿਰ,
ਮੈਂ ਇੱਜ਼ਤ ਨੂੰ ਦਾਅ ਤੇ ਲਗਾਵਾਂ ਤਾਂ ਕਿੱਦਾਂ?

ਜੋ ਪੀ ਪੀ ਕੇ ਪਾਣੀ ਸੀ ਕੋਸੇ ਕਦੇ, ਉਹ,
ਮੈਂ ਘੁੱਟ ਘੁੱਟ ਗਲੇ ਨਾ ਲਗਾਵਾਂ ਤਾਂ ਕਿੱਦਾਂ?

ਮੁਆਫ਼ੀ ਦੇ ਕਾਬਿਲ ਨਹੀਂ ਦੋਸ਼ ਬੇਸ਼ੱਕ,
ਮਗਰ ਤੰਗਦਿਲੀ ਮੈਂ ਦਿਖਾਵਾਂ ਤਾਂ ਕਿੱਦਾਂ?

•

ਅੱਖੀਆਂ 'ਚ ਦਿਨ-ਬ-ਦਿਨ ਕਿਉਂ ਵਧਦੀ ਨਾ ਗਹਿਰ ਜ਼ਿਆਦਾ।
ਜਦ ਵਧ ਰਹੀ ਦਿਲਾਂ ਵਿੱਚ ਨਫ਼ਰਤ ਦੀ ਜ਼ਹਿਰ ਜ਼ਿਆਦਾ।

ਇਕ ਦੂਸਰੇ ਨੂੰ ਤੱਕਣਾ ਹੋਊ ਕਿਵੇਂ ਗਵਾਰਾ,
ਨਾਂ ਲੈਂਦਿਆਂ ਵੀ ਜੇਕਰ, ਉਠਦੀ ਹੈ ਲਹਿਰ ਜ਼ਿਆਦਾ।

ਨਾਗਾਂ ਦੇ ਵਾਂਗ ਨਿਸਦਿਨ ਵਿਸ ਘੋਲਦਾ ਹੈ ਬੰਦਾ,
ਕਿੰਝ ਫ਼ੈਸਲਾ ਕਰੋਗੇ, ਕਿਸ ਵਿੱਚ ਹੈ ਜ਼ਹਿਰ ਜ਼ਿਆਦਾ।

ਇਕ ਦੂਸਰੇ ਦੇ ਦੁੱਖ ਵਿਚ ਰਸਮਨ ਸ਼ਰੀਕ ਹੋਈਏ,
ਐਡਵਾਂਸ ਹੋ ਰਿਹਾ ਹੈ, ਪਹਿਲਾ ਤੋਂ ਸ਼ਹਿਰ ਜ਼ਿਆਦਾ।

ਚੱਕਰਵਿਊ 'ਚ ਸ਼ਾਇਦ ਮੁੜ ਘਿਰ ਗਈ ਹੈ ਕੁਰਸੀ,
ਚਰਚਾ 'ਚ ਹੈ ਦੁਵੱਲੇ, ਜੋ ਫੇਰ ਨਹਿਰ ਜ਼ਿਆਦਾ।

ਉਸ ਬੇ-ਖ਼ਬਰ ਨੂੰ ਸ਼ਾਇਦ, ਹਰਗਿਜ਼ ਖ਼ਬਰ ਨਹੀਂ ਹੈ,
ਨਜ਼ਰਾਂ ਚੁਰਾਉਣਾ ਉਸਦਾ, ਢਾਹੁੰਦਾ ਹੈ ਕਹਿਰ ਜ਼ਿਆਦਾ।

ਲਫ਼ਜ਼ਾਂ 'ਚ ਢਾਲਦੀ ਹੈ, ਜਜ਼ਬਾਤ ਦਿਲ ਦੇ ਅੱਜ ਕੱਲ੍ਹ,
ਮਫ਼ਊਲ ਫ਼ਾਇਲਾਤੁਨ-ਹਰਚਰਨ-ਬਹਿਰ ਜ਼ਿਆਦਾ।

•

✵

ਦੱਸਿਆ ਨਾ ਕਰ ਹਮੇਸ਼ਾਂ, ਬਹੁਤਾ ਸਿਆਣਾ ਬਣ ਬਣ।
ਫ਼ਿਤਰਤ ਤੇਰੀ ਤੋਂ ਵਾਕਿਫ਼, ਹੁਣ ਹੋ ਗਿਆ ਹੈ ਕਣ ਕਣ।

ਆਪਾ ਕੁਚਲ ਕੇ ਰਾਤਾਂ, ਘੁਟ ਘੁਟ ਮਸਾਂ ਬਿਤਾਏ,
ਤੁਰਦਾ ਹੈ ਦਿਨ ਚੜ੍ਹੇ ਜੋ, ਅਕਸਰ ਸੜਕ ਤੇ ਤਣ ਤਣ।

ਮਸਲੇ ਦਿਲਾਂ ਦੇ ਹਰਗਿਜ਼-ਹਰਗਿਜ਼ ਨਾ ਤੂਲ ਫੜਦੇ,
ਕਰਦਾ ਨਾ ਰਹਿਬਰੀ ਜੇ, ਐਨਾ ਸਿਆਣਾ ਬਣ ਬਣ।

ਤੇਰੀ ਤਰਫ਼ ਜਦੋਂ ਵੀ, ਤੁਰਨੇ ਦੀ ਬਾਤ ਤੁਰਦੀ,
ਹੁੰਦਾ ਹੈ ਕਿਉਂ ਅਚਾਨਕ, ਪੈਰਾਂ ਦਾ ਭਾਰ ਮਣ ਮਣ।

'ਅਪਣਾ ਮਹਾਨ ਭਾਰਤ' ਦਿਨ-ਰਾਤ ਗਿੜਗਿੜਾਏ,
ਖੋਦੋ ਨਾ ਕਬਰ ਆਪਣੀ, ਐਨੋਂ ਮਾਸੂਮ ਜਣ ਜਣ।

'ਲਾਊ ਬੁਝਾਊ ਨੀਤੀ', ਦਮ ਤੋੜ ਜਾਊ ਇਕ ਦਿਨ,
ਨਾ ਕਰ ਫ਼ਿਜ਼ਾ ਵਿਸ਼ੈਲੀ, ਬੰਦਿਆ! ਮਾਸੂਮ ਬਣ ਬਣ।

ਹੁੰਦਾ ਨਾ ਜੇ ਸ਼ੋਰੀਲਾ, ਵਾਤਾਵਰਣ ਚੁਫੇਰੇ,
ਕੰਨਾਂ 'ਚ ਪੈ ਹੀ ਜਾਂਦੀ, ਝਾਂਜਰ ਤਿਰੀ ਦੀ ਛਣ ਛਣ।

•

✵

ਦਿੰਦਾ ਨਾ ਜੇ ਕਦੇ ਤੂੰ, ਹਰ ਗੱਲ ਨੂੰ ਤੂਲ ਐਨਾ।
ਹੋਣਾ ਨਾ ਪੈਂਦਾ ਐਦਾਂ, ਹਰ ਪਲ ਰੰਜੂਲ ਐਨਾ।

ਬਣਦਾ ਨਾ ਜੇ ਕਦੇ ਇੰਜ, ਹਰ ਬਾਤ ਦਾ ਬਤੰਗੜ,
ਹੁੰਦਾ ਨਾ ਫਿਰ ਤਮਾਸ਼ਾ, ਥਾਂ ਥਾਂ ਫ਼ਜ਼ੂਲ ਐਨਾ।

ਇਸ ਈਰਖਾ ਦੀ ਅਗਨੀ, ਜੇਕਰ ਨਾ ਜ਼ੋਰ ਫੜਦੀ,
ਤੱਕ ਕੇ ਉਡਾਣ ਉੱਚੀ, ਉਠਦਾ ਨਾ ਸੂਲ ਐਨਾ।

ਬੰਦਾ ਬਦਲਦਿਆਂ ਹੀ, ਬਦਲੇਂ ਮਿਜਾਜ਼ ਫ਼ੌਰਨ,
'ਅੰਦਾਜ਼ ਹੈ ਲਾਸਾਨੀ', ਹੁਣ ਤਾਂ ਕਬੂਲ ਐਨਾ।

ਹਰ ਵਕਤ ਬਹਿੰਦੇ ਉਠਦੇ, ਥਾਂ ਥਾਂ ਜ਼ਹਿਰ ਉਗਲਦੈਂ,
ਮੁੱਲ ਦੋਸਤੀ ਦਾ ਕਾਹਨੂੰ, ਕਰਦੈਂ ਵਸੂਲ ਐਨਾ।

ਗ਼ੈਰਾਂ ਤੋਂ ਕਿੰਝ ਕਰਦੈਂ, ਨਿਯਮਾਂ ਦੀ ਇੰਝ ਤਵੱਕੋ,
ਤਾ-ਜ਼ਿੰਦਗੀ ਰਿਹੈਂ ਜਦ, ਖ਼ੁਦ ਬੇ-ਅਸੂਲ ਐਨਾ।

'ਹਰਚਰਨ' ਹੁਣ ਗ਼ਜ਼ਲ ਵਿਚ, ਰੰਗ ਜ਼ਿੰਦਗੀ ਦੇ ਭਰ ਦੇ,
ਮਿਲਦਾ ਕਦੇ ਕਦੇ ਬੱਸ, ਮੌਸਮ ਮਾਕੂਲ ਐਨਾ।

•

✵

ਜੀਵਨ ਦੇ ਪਾਣੀਆਂ ਵਿੱਚ, ਜੇ ਜ਼ਹਿਰ ਘੋਲਦਾ ਨਾ।
ਬੀਤੇ ਲਮ੍ਹੇ ਦੁਬਾਰਾ, ਮਿੱਟੀ 'ਚੋਂ ਟੋਲਦਾ ਨਾ।

ਇੰਜ ਗੁਫ਼ਤਗੂ ਕਦਾਚਿਤ, ਹੁੰਦੀ ਨਾ ਬੇ-ਸੁਆਦੀ,
ਕੌੜੇ-ਕਸੈਲੇ ਅੱਖਰ, ਚੁਣ ਚੁਣ ਜੇ ਬੋਲਦਾ ਨਾ।

ਇਕ ਦੂਸਰੇ ਤੋਂ ਪਲ ਪਲ ਇਉਂਕਰ ਨਾ ਦੂਰ ਜਾਂਦੇ,
ਗੱਲ ਗੱਲ ਤੇ ਜੇ ਪਰ੍ਹੇ ਵਿੱਚ, ਨਿੱਤ ਕੁਫ਼ਰ ਤੋਲਦਾ ਨਾ।

ਤੇਰੇ ਆਚਰਣ ਤੇ ਵੀ ਉਂਗਲ ਕਦੇ ਨਾ ਉਠਦੀ,
ਗ਼ੈਰਾਂ ਦੀ ਅਣਖ਼-ਇੱਜ਼ਤ, ਮਿੱਟੀ 'ਚ ਰੋਲਦਾ ਨਾ।

ਹੰਸਾਂ ਦੇ ਵਾਂਗ ਕਾਂਵਾਂ! ਮੋਤੀ ਸਰਾਂ ਦੇ ਚੁਗਦਾ,
ਬਹੁਤਾ ਸਿਆਣਾ ਬਣ ਜੇ ਗੰਦਗੀ ਫਰੋਲਦਾ ਨਾ।

ਤੇਰੀ ਜ਼ੁਬਾਨ ਤੇ ਵੀ, ਇਤਬਾਰ ਲੋਕ ਕਰਦੇ,
ਪਾਰੇ ਦੇ ਵਾਂਗਰਾਂ ਜੇ, ਹਰ ਵਕਤ ਡੋਲਦਾ ਨਾ।

'ਹਰਚਰਨ' ਫਿਰ ਤਮਾਸ਼ਾ, ਹਰਗਿਜ਼ ਕਦੇ ਨਾ ਬਣਦਾ,
ਦੁਖੜੇ ਜਣੇ ਖਣੇ ਕੋ', ਬਹਿ ਬਹਿ ਜੇ ਫੋਲਦਾ ਨਾ।

•

✵

ਨਾ-ਮੁਮਕਿਨ ਸੀ ਕੱਲ੍ਹ ਤੱਕ ਜੋ ਅੱਜ ਮੁਮਕਿਨ ਜਾਪੇ ਯਾਰ।
ਹੌਲੀ ਹੌਲੀ ਤਿੜਕ ਰਹੀ ਹੁਣ ਨਫ਼ਰਤ ਦੀ ਦੀਵਾਰ।

ਧੌਂਸ, ਮਨਾਹੀ, ਧੱਕੇਸ਼ਾਹੀ, ਕਿੰਨਾਂ ਵੀ ਡੱਕ ਲੈਂਦੀ,
'ਭੱਜੀਆਂ ਬਾਹਾਂ' ਆਉਣਾ ਹੀ ਸੀ ਗਲ ਨੂੰ ਆਖਰਕਾਰ।

ਵਸਦਾ ਰਸਦਾ ਵਿਹੜਾ ਕਦ ਤੱਕ ਖ਼ੈਰ ਮਨਾਉਂਦਾ ਘਰ ਦੀ,
'ਫ਼ਨਕਾਰੀ' ਦਾ ਕਰਨ ਮੁਜ਼ਾਹਰਾ ਆਇਆ ਸੀ 'ਫ਼ਨਕਾਰ'।

ਉਹ ਵੀ ਇਕ ਦਿਨ ਪਛਤਾਉਂਦੇ ਨੇ ਆਪਣੀ ਗੁੰਮਰਾਹੀ ਤੇ,
ਬਣ ਜਾਂਦੇ ਨੇ ਜਿਹੜੇ ਅਕਸਰ ਹੋਣੀ ਦੇ ਹਥਿਆਰ।

ਇਕ ਦੂਜੇ ਵੱਲ ਕਦਮ ਵਧਾ ਆਗਾਜ਼ ਚਲੋ ਅੱਜ ਕਰੀਏ,
ਇਕ ਹੋਣ ਦੇ ਬੇਸ਼ੱਕ ਹਾਲੇ ਦਿਸਦੇ ਨਹੀਂ ਆਸਾਰ।

ਇਕ ਹੋਣ ਦੀ ਹੂਕ ਦਿਲੋਂ ਜੇ, ਉਠਦੀ ਹੈ ਮੁੜ ਮੁੜ ਕੇ,
ਫਿਰ ਨਾ ਸੋਚੋ, ਕਿਸ ਨੇ, ਕਿਸ 'ਤੇ, ਕਿੱਦਾਂ ਕੀਤਾ, ਵਾਰ।

ਕੀ ਤਾਰਾਂ, ਦੀਵਾਰਾਂ, ਕੀ ਰਾਹ ਸਰਹੱਦਾਂ ਨੇ ਡੱਕਣੇ,
ਜੇ ਨਹੀਂ ਵਿੱਥਾਂ, ਖਾਈਆਂ-ਖੱਪੇ, ਸਾਹਾਂ ਦੇ ਵਿਚਕਾਰ।

ਬੇ-ਇਤਬਾਰੀ ਦੀ ਕੋਈ ਉੱਠ ਕੇ ਲਹਿਰ ਸੁਨਾਮੀ ਫਿਰ ਤੋਂ,
ਕਰ ਸੁੱਟੇ ਨਾ ਸਾਂਝ ਦਿਲਾਂ ਦੀ ਗੁੰਬਦ ਜਿਉਂ ਮਿਸਮਾਰ।

ਮੋਹ-ਮੁਹੱਬਤ ਦੀ ਕਿਸ਼ਤੀ ਜੇ ਲਾਉਣੀ ਕਿਸੇ ਕਿਨਾਰੇ,
ਫਿਰ 'ਹਰਚਰਨ' ਭੁਲਾ ਕੇ ਸ਼ਿਕਵੇ ਬਣ ਜਾਈਏ ਪਤਵਾਰ।

•

✯

ਡੁੱਬਦੇ ਡੁੱਬਦੇ ਡੁੱਬ ਗਈ ਉਸ ਦੀ ਨਿਗਾਹ ਵਗੈਰ।
ਰਾਤ ਦਿਨੇ ਸੀ ਮੰਗਦੇ, ਜਿਸ ਕਿਸ਼ਤੀ ਦੀ ਖ਼ੈਰ।

ਬੀਆਬਾਨ 'ਚ ਭਟਕਦਾ-ਨਾ-ਉਠਦੇ ਔਝੜ ਪੈਰ।
ਰੱਖਦਾ ਜੇਕਰ ਜ਼ਿਹਨ ਵਿਚ, 'ਅੱਤ ਖ਼ੁਦਾ ਦਾ ਵੈਰ'।

ਨਾ ਬੇੜੀ ਭਰ ਡੁੱਬਦੀ, ਨਾ ਟੁਟਦੀ ਪਤਵਾਰ,
ਵੈਰ ਵਿਰੋਧ ਤਿਆਗ ਜੇ, ਸਭ ਦੀ ਮੰਗਦਾ ਖ਼ੈਰ।

ਉਡਣਾ ਸੀ ਜੇ ਅੰਬਰੀ, ਤੱਕਣੇ ਸੀ ਜੇ ਖ਼ਾਬ,
ਰੱਖਦਾ ਫੇਰ ਜ਼ਮੀਨ ਤੇ, ਨਾਪ ਤੋਲ ਕੇ ਪੈਰ।

ਆਪਣਿਆਂ 'ਚੋਂ ਕੋਈ ਤਾਂ, ਖੜ੍ਹਦਾ ਨਾਲ ਅਖੀਰ,
ਤਕਦਾ ਨਾ ਜੇ ਉਮਰ ਭਰ, ਹਰ ਇਕ ਅੰਦਰ ਗ਼ੈਰ।

ਕਿਸ਼ਤੀ ਛੇਕੋ-ਛੇਕ ਜਦ, ਜਰਜਰ ਸੀ ਪਤਵਾਰ,
ਵਿੱਚ ਭੰਵਰ ਦੇ ਠ੍ਹੇਲ ਕੇ, ਕਿੰਝ ਕਮਾਇਆ ਵੈਰ।

ਝੱਖੜ-ਝੱਲ, ਹਨੇਰ-ਘੁੱਪ, ਘੁੰਮਣ-ਘੇਰ ਚੁਫੇਰ,
ਇਕ ਪਲ ਵੀ ਨਾ ਸੋਚਿਆ, ਕਿੰਝ ਸਕੇਂਗਾ ਤੈਰ।

'ਵੈਰ ਕਮਾਇਆ ਰੱਬ ਨੇ', ਬੇ-ਸਿਰ ਹੈ ਇਲਜ਼ਾਮ,
ਉਸ ਨੂੰ ਕਾਹਦਾ ਦੋਸ਼ ਜੋ, ਅਸਲੋਂ ਹੈ ਨਿਰਵੈਰ।

ਤੂੰ ਤਾਂ ਹੋਇਉਂ ਸੁਰਖ਼ਰੂ, ਛੱਡ ਕੇ ਅੱਧ ਵਿਚਕਾਰ,
ਕੌਣ ਬਣੂੰ ਹੁਣ ਬਾਂਹ ਮਿਰੀ, ਥਾਂ ਥਾਂ ਤੇਰੇ ਵਗੈਰ।

•

✯

ਦੁਬਿਧਾ, ਦੰਭ, ਦੁਚਿੱਤੀ ਹੱਥੋਂ ਹੋਇਆ ਇੰਝ ਖ਼ੁਆਰ।
ਰੱਬ ਦਾ ਹੋ ਸਕਿਆ-ਨਾ-ਬਣ ਸਕਿਆ ਤੂੰ ਦੁਨੀਆਂਦਾਰ।

ਆਪਣੀ ਨਜ਼ਰ 'ਚੋਂ ਡਿਗ ਕੇ, ਮੁੜ ਕੇ, ਉਠਣਾ ਸੀ ਨਾ-ਮੁਮਕਿਨ,
ਦੁਨੀਆਂ ਦੇ ਸ਼ੀਸ਼ੇ ਵਿਚ ਤੱਕਿਆ, ਜਦ ਆਪਣਾ ਕਿਰਦਾਰ।

ਦੁਨੀਆਂ ਦਾ ਮੂੰਹ-ਮੱਥਾ-ਨਕਸ਼ ਸੁਆਰਨ ਤੋਂ ਕੁਛ ਪਹਿਲਾਂ,
ਕੂੜਾ-ਕਰਕਟ ਹੂੰਝ ਕੇ ਆਪਣਾ ਅੰਦਰ ਜ਼ਰਾ ਸੁਆਰ।

ਪੋਟਾ ਪੋਟਾ ਬਾਹਰੋਂ ਜਾਪੇ ਇਕ ਨੂਰਾਨੀ ਚਸ਼ਮਾ,
ਕਤਰਾ ਕਤਰਾ ਅੰਦਰੋਂ ਬੇਸ਼ੱਕ-ਵਹਿਸ਼ੀ ਤੇ ਖ਼ੂੰਖ਼ਾਰ।

ਅੱਖ ਪਲਕਾਰੇ ਵਿਚ ਚੁਰਾ ਲੈਂਦਾ ਮਨ ਦੀ ਜੜ੍ਹੋਂ ਗਰੀਬੀ,
ਸੁਪਨੇ ਵਿਚ ਵੀ ਹੋ ਜਾਵੇ ਜੇ ਮਹਿਰਮ ਜਲਵਾਗਾਰ।

ਰੱਬ ਦੀ ਕੁਦਰਤ ਦੇ ਗਾਉਂਦੇ ਹਾਂ ਸੋਹਿਲੇ ਸ਼ਾਮ ਸਵੇਰੇ,
ਜੰਮਣੋਂ ਪਹਿਲਾਂ ਕੋਹ ਸੁਟਦੇ ਹਾਂ ਕੁਦਰਤ ਦਾ ਸ਼ਾਹਕਾਰ।

ਮਾਇਆ ਤੋਂ ਨਿਰਲੇਪ ਖ਼ੁਦਾ ਦੇ ਵੱਡੇ ਦਾਅਵੇਦਾਰੋ,
ਕਿਉਂ ਮਰਦੇ ਹੋ ਪਰਉਪਕਾਰ ਲਈ ਦੇ ਕੇ ਛਿੱਲੜ ਚਾਰ।

ਕੁੱਲ ਹਕੀਕਤ ਜ਼ਾਹਿਰ ਹੁੰਦੀ, ਰਹਿੰਦਾ ਨਾ ਕੁਛ ਪਰਦਾ,
ਦਿਲ ਦੇ ਮਹਿਰਮ ਤੱਕ ਲੈਂਦੇ ਜੇ, ਦਿਲ ਦੇ ਅੰਦਰ ਬਾਰ।

ਕਰ ਸੁੱਟਦਾ ਬੇ-ਦਖ਼ਲ ਕਦੋਂ ਦੇ, ਬੇ-ਰਹਿਮੀ ਨਾ' ਰੱਬਾ,
ਤੱਕ ਲੈਂਦਾ ਇਕ ਨਜ਼ਰ ਜੇ ਆਪਣੇ, 'ਖ਼ਾਸ' ਤੂੰ 'ਬਰਖ਼ੁਰਦਾਰ'।

ਆਪੋ-ਧਾਪੀ ਦੇ ਯੁਗ ਅੰਦਰ ਕੌਣ ਕਦੋਂ ਕੁਛ ਸੁਣਦਾ,
ਅੰਦਰ ਦੀ ਆਵਾਜ਼ ਮਚਾਏ, ਬੇਸ਼ੱਕ ਹਾਹਾਕਾਰ।

ਮਕਰੇਪਨ ਦੀ ਗੁੜ੍ਹਤੀ ਲੈ 'ਹਰਚਰਨ' ਜੇ ਰੰਗ ਦਿਖਾਉਂਦਾ,
ਤੇਰਾ ਵੀ ਨਾਂ ਹੋ ਜਾਂਦਾ, 'ਫ਼ਨਕਾਰਾਂ' ਵਿਚ ਸ਼ੁਮਾਰ।

•

ਖ਼ਬਰੇ ਕੁਛ ਨਜ਼ਰਾ ਗਿਆ, ਜਾਂ ਤਿੜਕ ਗਿਆ ਫਿਰ ਖ਼ਾਬ।
ਫਿੱਕੀ ਪੈਂਦੀ ਜਾ ਰਹੀ, ਪੰਜ-ਆਬ ਦੀ ਆਬ।

ਤੱਕਦੇ ਤੱਕਦੇ ਹੋ ਗਿਆ, ਕਾਲਾ, ਸੁਰਖ਼-ਗੁਲਾਬ।
ਤੱਕਣਾ ਮੁਸ਼ਕਿਲ ਸੀ ਕਦੇ ਜਿਸਦਾ ਰੁਹਬ-ਸ਼ਬਾਬ।

ਨਾ ਚਿਹਰੇ ਤੇ ਰੌਣਕਾਂ ਨਾ ਅੱਖੀਆਂ ਵਿੱਚ ਖ਼ਾਬ।
ਉਡਣੇ ਦੀ ਥਾਂ ਰੀਂਘ ਕੇ ਚੱਲਦਾ ਹਰਿਕ 'ਉਕਾਬ'।

ਭੁੱਕੀ, ਚਰਸ, ਅਫ਼ੀਮ, ਭੰਗ, ਗੁਟਕਾ, ਸੜੀ-ਸਮੈਕ,
ਇਸ ਜਰਖ਼ੇਜ਼ ਜ਼ਮੀਨ 'ਚੋਂ, ਉੱਗਣ ਅੱਜ ਜਨਾਬ।

ਦੁੱਧ-ਦਹੀਂ ਦੇ ਜਿਸ ਜਗ੍ਹਾ, ਵਗਦੇ ਸੀ ਦਰਿਆ,
ਓਸ ਜਗ੍ਹਾ ਅੱਜ ਆ ਗਿਆ, ਨਸ਼ਿਆਂ ਦਾ ਸੈਲਾਬ।

ਸਿੱਧੇ ਬੋਦੇ ਵਾਹ ਕੇ, ਕੰਨੀਂ ਮੁੰਦਰਾਂ ਪਾ,
ਮੋ-ਬਾਈਕ ਤੇ ਨਿਕਲਦੇ, ਕਰਕੇ ਨਸ਼ੇ 'ਨਵਾਬ'।

ਲੁੱਟਾਂ-ਖੋਹਾਂ, ਮਾਰ-ਧਾੜ, ਬਣਿਆ ਅੱਜ ਨਸੀਬ,
ਝੱਲੀ ਨਹੀਂ ਸੀ ਜਾਂਵਦੀ, ਕੱਲ੍ਹ ਜਿਨ੍ਹਾਂ ਦੀ ਤਾਬ।

ਮੁੱਛ ਫੁੱਟਦਾ ਹਰ ਗੱਭਰੂ, ਕੱਦ ਕੱਢਦੀ ਮੁਟਿਆਰ,
ਧਰਤ-ਬਿਗਾਨੀ ਵਸਣ ਲਈ, ਹਰ ਇਕ ਹੈ ਬੇਤਾਬ।

ਸੱਜੇ ਖੱਬੇ ਤੱਕਦੇ ਡੌਰ ਭੌਰ ਜਿਹੇ ਹੋ,
ਭਾਂ ਭਾਂ ਕਰਦੇ ਮਹਿਲ ਜਦ, ਮੰਗਦੇ ਕਦੇ ਜਵਾਬ।

ਕੇਹਾ ਵਣਜ ਵਿਹਾਜਿਆ ਪੁੱਤ ਪਰਦੇਸੀਂ ਤੋਰ,
ਮੁਰਦਾਘਰ ਵਿੱਚ ਲੇਟ ਕੇ ਮਾਪੇ ਕਰਨ ਹਿਸਾਬ।

ਰੋਟੀ-ਰੋਜ਼ੀ ਵਾਸਤੇ ਥਾਂ-ਥਾਂ ਭਟਕੇ ਅੱਜ,
'ਅੰਨ-ਦਾਤੇ' ਦਾ ਕੱਲ੍ਹ ਤਲਕ, ਮਿਲਿਆ ਜਿਹਨੂੰ ਖ਼ਤਾਬ।

'ਹੋਣੀ ਕੀ ਪੰਜਾਬ ਦੀ, ਕੀ ਵਿਧਮਾਤਾ ਦੇ ਲੇਖ',
'ਧਰਮਰਾਜ ਜੀ' ਦੇਖੀਏ, ਬਹਿਕੇ ਜ਼ਰਾ ਕਿਤਾਬ।

•